ਸ੍ਰੀ ਗੁਰੂ ਗ੍ਰੰਥ ਸਾਹਿਬ

ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼

ਸੰਪਾਦਕ

ਡਾ. ਜਸਬੀਰ ਸਿੰਘ ਸਰਨਾ

ਸ੍ਰੀ ਗੁਰੂ ਗ੍ਰੰਥ ਸਾਹਿਬ
ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼

ਡਾ. ਜਸਬੀਰ ਸਿੰਘ ਸਰਨਾ ਲਿਖਤ ਪੁਸਤਕਾਂ :

ਪੰਜਾਬੀ

ਕਾਵਿ ਸੰਗ੍ਰਹਿ :-

* ਸ਼ਬਦਨਾਮਾ-1980
* ਮੈਨੂੰ ਦੇ ਦਿਓ-1982
* ਪ੍ਰਤੀਬਿੰਬ-1987
* ਸੱਚ ਕੀ ਕਾਤੀ-1990 (ਜੰਮੂ ਕਸ਼ਮੀਰ ਅਕਾਦਮੀ ਵੱਲੋਂ ਪਹਿਲਾ ਇਨਾਮ)
* ਸਹਿਜ-2009

ਸਿੱਖ ਇਤਿਹਾਸ, ਵਿਗਿਆਨ, ਚਿੰਤਨ, ਸਹਿਤ ਅਤੇ ਕੋਸ਼

* ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼-1997 (ਪੰਜਾਬ ਸਰਕਾਰ ਵੱਲੋਂ ਪਹਿਲਾ ਇਨਾਮ)
* ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ)-1998, 2000
* ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ-2001
* ਗੁਰੂ ਹਰਿ ਰਾਇ ਸਾਹਿਬ-2002
* ਗੁਰੂ ਹਰਿਕ੍ਰਿਸ਼ਨ ਸਾਹਿਬ-2003
* ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ-2005
* ਸਿੱਖ ਇਤਿਹਾਸ ਦੇ ਮੁਢਲੇ ਫ਼ਾਰਸੀ ਅਤੇ ਉਰਦੂ ਸਰੋਤ-2008
* ਕਸ਼ਮੀਰ ਦੇ ਜੰਗਲੀ ਫੁੱਲ-1998
* ਜੰਮੂ ਕਸ਼ਮੀਰ ਦੇ ਅਨੋਖੇ ਪੰਛੀ ਅਤੇ ਜੰਗਲੀ ਜੀਵ-2007
* ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ-2009
* ਕੇਸਰ ਦਾ ਫੁੱਲ-1990
* ਸਿੱਖ ਚਿੰਤਨ-1994
* ਇਕ ਮਹਿਕ ਦਾ ਸਫ਼ਰਨਾਮਾ-2001
* ਸਾਹਿਤਕਾਰਾ-2001
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼-2007
* ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼-2010

English

Sikh History Religion, Bibliography, Dictionaries

* Sikhs in kashmir-1993
* Sikh Shrines in Jammu and Kashmir-1994
* History of the Sikh students Federation-1995
* Flora and Fauna in Guru Nanak's Bani-1992
* A Select Bibliography of the Kashmir-2002
* World Punjabi writers who's who-2004
* Some precious pages of the Sikh History-2011

ਸ੍ਰੀ ਗੁਰੂ ਗ੍ਰੰਥ ਸਾਹਿਬ
ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼

ਸੰਪਾਦਕ
ਡਾ. ਜਸਬੀਰ ਸਿੰਘ ਸਰਨਾ

Shri Guru Granth Sahib Vichle Lok Dharyee Sankatian da kosh.

(Dictionary of Folk lore References in Sri Guru Granth Sahib)

Edited by

Dr. Jasbir Singh Sarna

E-Mail : jbsingh.801@gmail.com

2012

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

ਸਮਰਪਣ

ਅਗੰਮੀ ਬਾਣੀ ਨਾਲ ਸਰਸ਼ਾਰ ਅਨੂਠੇ ਤਿੰਨ ਫੁੱਲਾਂ

* ਡਾ. ਜਸਪਾਲ ਸਿੰਘ ਜੀ

ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

* ਡਾ. (ਭਾਈ) ਹਰਬੰਸ ਲਾਲ ਜੀ (ਅਮਰੀਕਾ)

* ਡਾ. ਗੁਰਚਰਨ ਸਿੰਘ

ਪ੍ਰੋ. ਐਕਸ-ਫੈਲੋ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨੂੰ

ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪੂਜਯ ਗ੍ਰੰਥ ਹੈ। ਇਸ ਮਹਾਨ ਗ੍ਰੰਥ ਦੀ ਧਾਰਮਿਕ ਮਹੱਤਾ ਤੋਂ ਛੁਟ ਸਮਾਜਿਕ, ਸਭਿਆਚਾਰਕ, ਇਤਿਹਾਸਕ ਅਤੇ ਸਾਹਿਤਕ ਮਹੱਤਵ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੀ ਫਿਲਾਸਫੀ/ਦਰਸ਼ਨ ਅਤੇ ਹੋਰ ਅਣਗਿਣਤ ਪੱਖਾਂ ਬਾਰੇ ਵਿਦਵਾਨਾਂ ਨੇ ਬਹੁਤ ਕੁਝ ਲਿਖਿਆ ਹੈ। ਇਸ ਦੇ ਸ਼ਬਦ ਕੋਸ਼ ਅਤੇ ਸਟੀਕ ਵੀ ਉਪਲੱਬਧ ਹਨ। ਡਾ. ਜਸਬੀਰ ਸਿੰਘ ਸਰਨਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਵਾਚਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਖੋਜ ਕਾਰਜ ਦਾ ਸਿਰਲੇਖ ਹੈ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕਧਾਰਾਈ ਸੰਕੇਤਾਂ ਦਾ ਕੋਸ਼।

ਲੋਕਧਾਰਾ (ਫੋਕਲੋਰ) ਲਈ ਇਨ੍ਹਾਂ ਸਤਰਾਂ ਦੇ ਲੇਖਕ ਨੇ ਲੋਕ ਯਾਨ ਪਦ ਦੀ ਵਰਤੋਂ ਕੀਤੀ ਸੀ। ਲੋਕਧਾਰਾ ਮੂਲ ਰੂਪ ਵਿਚ ਲੋਕਾਂ ਦੀ ਸੰਪਤੀ ਹੈ। ਲੋਕ ਜੀਵਨ ਦੀ ਪ੍ਰਗਤੀ ਵਿਚ ਇਸ ਦਾ ਪ੍ਰਵਾਹ ਬੇਰੋਕ ਚਲਦਾ ਹੈ। ਇਸ ਦਾ ਮਹੱਤਵ ਵਿਸ਼ਵ ਵਿਆਪੀ ਹੈ। ਇਹ ਮਨੁੱਖ ਮਾਨਵ ਦੀ ਮਾਨਸਿਕ ਪ੍ਰਵਿਰਤੀ ਅਤੇ ਮਨੁੱਖੀ ਪ੍ਰਤਿਭਾ ਦਾ ਠੀਕ ਵਾਹਣ ਹੈ। ਮਨੁੱਖ ਜਾਤੀ ਦੇ ਆਤਮਿਕ ਅਤੇ ਮਾਨਸਿਕ ਪ੍ਰਵਿਰਤੀਆਂ ਦੇ ਇਤਿਹਾਸ ਦੀ ਉਸਾਰੀ ਕਰਨ ਲਈ ਲੋਕਧਾਰਾ ਜਾਂ ਲੋਕਯਾਨ ਨੇ ਧਰਮ, ਸਾਹਿਤ ਅਤੇ ਕਲਾ ਦੇ ਖੇਤਰਾਂ ਵਿਚ ਅਹਿਮ ਰੋਲ ਅਦਾ ਕੀਤਾ ਹੈ। ਲੋਕਧਾਰਾ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ।

"ਲੋਕ ਜੀਵਨ ਨਾਲ ਸਬੰਧਿਤ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੋਣ ਵਾਲੀ ਅਜਿਹੀ ਸਮੱਗਰੀ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ; ਲੋਕ ਸੰਸਕ੍ਰਿਤੀ ਦੇ ਅਾਂਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀਓਂ ਪੀੜ੍ਹੀ ਅੱਗੇ ਤੋਰਿਆ ਹੋਵੇ, ਵਿਰਸੇ ਵਿਚ ਮਿਲਣ ਵਾਲੀ ਅਜਿਹੀ ਸਮੱਗਰੀ ਨੂੰ ਲੋਕ ਯਾਨ/ਲੋਕਧਾਰਾ ਦੀ ਸੰਗਿਆ ਦਿੱਤੀ ਜਾ ਸਕਦੀ ਹੈ।"

ਲੋਕ ਧਾਰਾ ਨਾਲ ਸਬੰਧਿਤ ਸਮੱਗਰੀ ਵਿਚ ਲੋਕ ਸਾਹਿਤ (ਲੋਕਗੀਤ, ਲੋਕ ਕਹਾਣੀਆਂ, ਅਖੌਤਾਂ ਤੇ ਬੁਝਾਰਤਾਂ), ਲੋਕ ਕਲਾਵਾਂ (ਲੋਕ ਸੰਗੀਤ, ਲੋਕ ਨਾਟ, ਲੋਕ ਨਾਚ, ਮੂਰਤੀ ਕਲਾ ਆਦਿ), ਅਨੁਸ਼ਠਾਨ ਤੇ ਰੀਤੀ-ਰਿਵਾਜ, ਲੋਕ ਵਿਸ਼ਵਾਸ, ਲੋਕ ਬੋਲੀ, ਲੋਕ ਧੰਦਿਆਂ ਜਾਂ ਕਿੱਤਿਆਂ ਨਾਲ ਜੁੜੀ ਸਮੱਗਰੀ ਅਤੇ ਮਨੋਰੰਜਨ ਦੇ ਸਾਧਨ ਆਦਿ ਸ਼ਾਮਿਲ ਹਨ।

ਡਾ. ਜਸਬੀਰ ਸਿੰਘ ਸਰਨਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅਤੇ ਲੋਕਧਾਰਾ ਦੀ ਵਿਸ਼ਾਲ ਪਰੰਪਰਾ ਨੂੰ ਮੁੱਖ ਰੱਖ ਕੇ ਪਾਠਕਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ

o

ਵਿਚ ਉਪਲੱਬਧ ਲੋਕਧਾਰਾ ਨਾਲ ਸਬੰਧਿਤ ਸੰਕੇਤਾਂ ਦਾ ਕੋਸ਼ ਤਿਆਰ ਕੀਤਾ ਹੈ। ਲੇਖਕ ਨੇ ਭੂਮਿਕਾ (ਦੀਦਾਰੀ ਹਰਫ਼) ਉਪਰੰਤ 'ਸੰਖੇਪ ਚਿੰਨ੍ਹਾਂ ਦੀ ਸੂਚੀ' ਦਿੱਤੀ ਹੈ, ਜਿਨ੍ਹਾਂ ਦੀ ਵਰਤੋਂ ਕੋਸ਼ ਤਿਆਰ ਕਰਦੇ ਸਮੇਂ ਕੀਤੀ ਗਈ ਹੈ। ਉਪਰੰਤ ਤਤਕਰਾ ਅਧੀਨ ਗੁਰਮੁਖੀ ਲਿਪੀ ਦੀ ਵਰਣਮਾਲਾ ਅਨੁਸਾਰ ਸ਼ਬਦ ਸੂਚੀ ਜਾਂ ਸੰਖੇਪ ਚਿੰਨ੍ਹਾਂ ਦੀ ਸੂਚੀ ਦਰਜ ਹੈ। ਉਪਰੰਤ ਤਤਕਰੇ ਵਿਚੋਂ ਕ੍ਰਮਵਾਰ ਇਕ ਇਕ ਸ਼ਬਦ ਨੂੰ ਲੈ ਕੇ ਉਸ ਦੇ ਅਰਥ ਵੀ ਦਿੱਤੇ ਹਨ ਅਤੇ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚੋਂ ਸਬੰਧਿਤ ਤੁਕ ਦਾ ਹਵਾਲਾ ਦਿੱਤਾ ਗਿਆ ਹੈ।

ਡਾ. ਜਸਬੀਰ ਸਿੰਘ ਸਰਨਾ ਦੁਆਰਾ ਤਿਆਰ ਕੀਤਾ ਗਿਆ ਕੋਸ਼ ਪੜ੍ਹ ਕੇ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਲੋਕਧਾਰਾ ਨਾਲ ਕਿੰਨਾ ਨੇੜੇ ਦਾ ਸਬੰਧ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਲੇਖਕ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਉਹ ਇਸ ਪ੍ਰਾਪਤੀ ਉਪਰ ਵਧਾਈ ਦਾ ਹੱਕਦਾਰ ਹੈ।

–ਡਾ. ਕਰਨੈਲ ਸਿੰਘ ਥਿੰਦ

ਸਾਬਕਾ ਪ੍ਰੋਫੈਸਰ/ਰਜਿਸਟ੍ਰਾਰ

ਗੁਰੂ ਨਾਨਕ ਦੇਵ ਯੂਨੀਵਰਸਿਟੀ

ਅੰਮ੍ਰਿਤਸਰ।

ਦੀਦਾਰੀ ਹਰਫ਼

ਮੁੱਢ ਕਦੀਮ ਤੋਂ ਲੋਕਧਾਰਾ ਦਾ ਵਿਸ਼ਾਲ ਪਾਸਾਰ ਸੌਂਦਰਯਬੋਧ ਦੇ ਅਨੁਭਾਵਾਂ 'ਚ ਕੁਦਰਤੀ ਆਬਸ਼ਾਰ ਵਾਂਗ ਜਨਮ ਲੈਂਦਾ ਹੈ। ਲੋਕ ਕਲਾਵਾਂ ਦੇ ਆਸਰੇ ਹੀ ਲੋਕ ਸਮੂਹ ਦਾ ਵਿਧੀ ਵਿਧਾਨ ਮਨੋਭਾਵਾਂ ਤੇ ਮਨੋਬਿਰਤੀਆਂ ਦਾ ਲਕਸ਼ ਸਾਕਾਰ ਕਰਦਾ ਹੈ। ਲੋਕ ਸਮੂਹ ਦੀਆਂ ਬਾਰੀਕ ਭਾਵਨਾਵਾਂ ਦਾ ਜਲੌਅ ਰਹੱਸਮਈ ਕਿਰਨਾਂ ਦਾ ਪ੍ਰਤੀਬਿੰਬ ਹੋ ਨਿਬੜਦਾ ਹੈ। ਇਹ ਅਸਲੋਂ ਕਲਾ ਜਾਂ ਮੌਖਿਕ ਕੋਮਲ ਭਾਵਾਂ ਰਾਹੀਂ ਲੋਕ ਮਾਨਸ ਦੀਆਂ ਭਾਵਨਾਵਾਂ ਤੇ ਵਿਚਾਰਾਂ ਦਾ ਪੁਲ ਸਿਰਜਦੀ ਹੈ। ਲੋਕਧਾਰਾ ਦੇ ਬਹੁ ਪਾਸਾਰੇ ਸੰਕੇਤ ਲੌਕਿਕਤਾ ਅਤੇ ਪਾਰਲੌਕਿਕਤਾ ਦੀ ਤਰਜਮਾਨੀ ਕਰਕੇ ਇਕੋ ਭਾਵ ਦੇ ਆਸਪਾਸ ਕੇਂਦਰਿਤ ਰਹਿੰਦੇ ਹਨ ਅਤੇ ਕਈ ਵਾਰ ਇਕ ਰੂਪਤਾ ਸਥਾਪਿਤ ਕਰਕੇ ਉਪਦੇਸ਼ਾਤਮਿਕ ਤੇ ਸਿਖਿਆਤਮਕ ਵਾਤਾਵਰਣ ਸਿਰਜ ਕੇ ਚਿੰਤਨਮਈ ਪੈਰਾਡਾਇਮ ਸਾਕਾਰ ਕਰਦੇ ਪ੍ਰਤੀਤ ਹੁੰਦੇ ਹਨ।

'ਲੋਕਧਾਰਾ' ਦੀ ਪ੍ਰੀਭਾਸ਼ਾ ਬਾਰੇ ਵੀ ਵਿਦਵਾਨਾਂ ਦੇ ਵਿਭਿੰਨ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਐਲਨ ਡੰਡੀਜ਼ ਦੇ ਕਥਨ ਅਨੁਸਾਰ 'ਲੋਕ' ਲੋਕਾਂ ਦਾ ਅਜਿਹਾ ਸਮੂਹ ਹੈ, ਜੋ ਕਿਸੇ ਇਕ ਗੱਲ, ਭਾਸ਼ਾ, ਇਲਾਕੇ, ਧਰਮ, ਨਸਲ, ਕਿੱਤੇ ਆਦਿ ਕਰਕੇ ਆਪਸ ਵਿਚ ਜੁੜਿਆ ਹੁੰਦਾ ਹੈ। ਇਨ੍ਹਾਂ ਦੀਆਂ ਕੁਝ ਸਾਂਝੀਆਂ ਪਰੰਪਰਾਵਾਂ ਨੂੰ ਖਾਸ-ਖਾਸ ਮੌਕਿਆਂ 'ਤੇ ਆਪਸ ਵਿਚ ਸਾਂਝਿਆ ਵੀ ਕਰਦੇ ਹਨ। ਡਾ. ਬਾਰਕਰ 'ਫੋਕ' ਤੋਂ ਕਿਸੇ ਸਭਿਅਤਾ ਤੋਂ ਦੂਰ ਰਹਿਣ ਵਾਲੀ ਜਾਤੀ ਦੇ ਬੋਧ ਵੱਲ ਸੰਕੇਤ ਕਰਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ "ਲੋਕਧਾਰਾ' ਲੋਕ ਸੰਸਕ੍ਰਿਤੀ ਦਾ ਭਾਵੁਕ ਤੇ ਬੌਧਿਕ ਪਾਸਾਰ ਅਤੇ ਲੋਕ ਮਨ ਦਾ ਸਹਿਜ ਪ੍ਰਗਟਾਵਾ ਹੋਣ ਦੇ ਨਾਤੇ ਕਿਸੇ ਜਾਤੀ ਦੇ ਜੀਵਨ ਚਰਿੱਤਰ, ਵਿਹਾਰ ਅਤੇ ਕਲਾ ਦਾ ਮੂਲ ਸੱਚ ਹੈ। ਇਸ ਸੱਚ ਨੂੰ ਪਰੋਖੇ ਰੱਖ ਕੇ ਜਾਤੀ ਦੇ ਸਮੁੱਚੇ ਜੀਵਨ, ਕਲਾ ਅਤੇ ਸਾਹਿਤ ਦੇ ਬੁਨਿਆਦੀ ਚਰਿੱਤਰ, ਸਰੂਪ ਅਤੇ ਪ੍ਰਵਿਰਤੀਆਂ ਦੀ ਪਛਾਣ ਸੌਖੀ ਨਹੀਂ ਹੋ ਸਕਦੀ।" ਡਾ. ਕਰਨੈਲ ਸਿੰਘ ਥਿੰਦ ਲੋਕਧਾਰਾ ਬਾਰੇ ਆਪਣੇ ਵਿਚਾਰ ਸਪਸ਼ਟ ਕਰਦੇ ਲਿਖਦੇ ਹਨ, ਮਨੁੱਖੀ ਜੀਵਨ ਦੀ ਉਹ ਸ਼ਾਖ ਜੋ ਅਜਿਹੇ ਭੰਡਾਰ ਨੂੰ ਸੰਭਾਲਦੀ ਹੈ, ਵਿਗਿਆਨਕ ਢੰਗ ਨਾਲ ਵਰਗੀਕਰਨ ਕਰਕੇ ਉਸ ਦਾ ਅਧਿਐਨ ਕਰਦੀ ਹੈ ਤਾਂ ਜੋ ਸਦੀਆਂ ਤੋਂ ਚੱਲੇ ਆ ਰਹੇ ਲੋਕਾਂ ਦੇ ਜੀਵਨ ਤੇ ਸਭਿਆਚਾਰ ਦੀ ਜਾਣਕਾਰੀ ਕਰਾ ਸਕੇ, ਲੋਕਧਾਰਾ ਵਿਗਿਆਨ ਅਖਵਾਉਂਦੀ ਹੈ। ਇਹ ਮਨੁੱਖ ਦੀ ਪੁਰਾਣੀ ਸੰਸਕ੍ਰਿਤੀ ਦਾ ਸ਼ੀਸ਼ਾ ਹੈ ਅਤੇ ਇਸ ਦੀ ਮਹਾਨਤਾ ਕਿਸੇ ਤਰ੍ਹਾਂ ਵੀ ਇਤਿਹਾਸ ਤੋਂ ਘੱਟ ਨਹੀਂ। ਬਹੁਤੇ ਵਿਦਵਾਨਾਂ ਨੇ 'ਲੋਕਧਾਰਾ' ਸ਼ਬਦ ਨੂੰ ਫੋਕਲੋਰ ਦਾ ਪ੍ਰਯਾਇਵਾਚੀ ਸਮਝ ਕੇ ਅਪਣਾ ਲਿਆ ਹੈ।

'ਲੋਕਧਾਰਾ' ਸਾਡੀ ਵਿਰਾਸਤੀ ਸਾਂਸਕ੍ਰਿਤੀ ਦਾ ਬੇਸ਼ਕੀਮਤੀ ਅਜਿਹਾ ਖ਼ਜ਼ਾਨਾ ਹੈ, ਜਿਸ ਵਿਚ ਲੋਕ ਜ਼ਿੰਦਗੀ ਦੇ ਸੰਸਕਾਰ, ਵਿਸ਼ਵਾਸ, ਵਹਿਮ-ਭਰਮ, ਮਨੌਤਾਂ ਆਦਿ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਨੂੰ ਆਪਣੇ ਘੇਰੇ ਵਿਚ ਸਮੇਟਦਾ ਹੈ। ਬਹੁਤਿਆਂ ਵਿਦਵਾਨਾਂ ਨੇ ਲੋਕਧਾਰਾ ਨੂੰ ਪ੍ਰਮੁੱਖ ਚਾਰ ਖੇਤਰਾਂ ਵਿਚ ਵੰਡਿਆ ਹੈ ਜਿਵੇਂ ਕਲਾ ਖੇਤਰ, ਵਿਸ਼ਵਾਸ ਖੇਤਰ, ਅਨੁਸ਼ਠਾਨ ਖੇਤਰ ਅਤੇ ਫੁਟਕਲ। ਕਲਾ ਖੇਤਰ ਵਿਚ ਲੋਕ ਗਾਥਾ, ਪਹੇਲੀਆਂ, ਬੁਝਾਰਤਾਂ, ਲੋਕ ਨਾਟ, ਮੂਰਤੀ ਕਲਾ, ਚਿਤ੍ਰਕਲਾ, ਸੰਗੀਤ ਕਲਾ ਆਦਿ। ਵਿਸ਼ਵਾਸ ਖੇਤਰ ਦੇ ਜੁਮਰੇ ਵਿਚ ਪੌਰਾਣਕ ਗਾਥਾਵਾਂ, ਮਿਥਿਹਾਸਕ ਕਹਾਣੀਆਂ, ਪ੍ਰੇਤ ਚੁੜੇਲਾਂ, ਭੂਤ, ਅੰਧ-ਵਿਸ਼ਵਾਸ, ਜਾਦੂ-ਟੂਣੇ, ਮੰਤ੍ਰ, ਟੋਟਕੇ, ਤਵੀਜ਼, ਵਹਿਮ ਭਰਮ ਆਦਿ। ਇਸੇ ਤਰ੍ਹਾਂ ਅਨੁਸ਼ਠਾਨ ਖੇਤਰ ਵਿਚ ਜੰਮਣ-ਮਰਨ ਦੀਆਂ ਰਹੁ-ਰੀਤਾਂ, ਤਿਉਹਾਰ, ਤੀਰਥ ਯਾਤਰਾ, ਪੂਜਾ, ਸ਼ਗਨ, ਵਰਤ, ਮੇਲੇ, ਸ਼ਗਨ ਉਪਸ਼ਗਨ ਆਦਿ। ਫੁਟਕਲ ਵਿਚ ਪੁਰਾਣੇ ਪਰੰਪਰਾਗਤ ਸੰਦ, ਖੇਡਾਂ, ਪੁਰਾਣੇ ਘਰ, ਪਹਿਰਾਵੇ, ਮਕਾਨ, ਪੁਲ ਆਦਿ ਆਦਿ। ਆਪਣੇ ਪੁਰਖਿਆਂ ਦੀਆਂ ਪੁਰਾਤਨ ਰੀਤਾਂ-ਰਿਵਾਜ, ਵਿਸ਼ਵਾਸ, ਅਨੁਸ਼ਠਾਨਾਂ, ਕਲਾ ਆਦਿ ਹੀ ਵਿਰਸੇ ਦੀ ਲੌਕਿਕ ਚਾਨਣੀ ਦਾ ਪ੍ਰਾਪਤੀ ਚਿੰਨ੍ਹ ਮੰਨਿਆ ਜਾਂਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਅੰਕਿਤ ਬਾਣੀਕਾਰਾਂ ਦੀਆਂ ਰਚਨਾਵਾਂ ਤੋਂ ਪ੍ਰਤੱਖ ਪ੍ਰਭਾਵ ਲੋਕ ਸਾਹਿਤ ਦੀ ਵਿਸ਼ਾਲਤਾ ਵੱਲ ਸੰਕੇਤ ਕਰਦੇ ਹਨ। ਬਾਣੀਕਾਰਾਂ ਨੇ ਲੋਕਾਂ ਦੀ ਆਪਣੀ ਭਾਸ਼ਾ ਵਿਚ ਆਪਣੇ ਅਧਿਆਤਮਿਕ ਵਿਚਾਰਾਂ ਨੂੰ ਸਹਿਜੇ ਹੀ ਸੰਚਾਰਿਤ ਕੀਤਾ, ਜਿਸ ਰਾਹੀਂ ਸਮਾਜਿਕ ਸਚਾਈ ਅਭਿਵਿਅਕਤ ਹੁੰਦੀ ਹੈ। ਲੋਕ ਸਾਹਿਤ ਵਿਚ ਮਾਨਵ ਜੀਵਨ ਦੀ ਤਵਾਰੀਖ ਸਾਂਭੀ ਹੁੰਦੀ ਹੈ। 'ਪੰਜਾਬੀ ਸਾਹਿਤ ਕੋਸ਼' ਅਨੁਸਾਰ 'ਲੋਕਧਾਰਾ ਦੇ ਰੂਪ ਕਿਸੇ ਸਭਿਆਚਾਰਕ ਖਿੱਤੇ ਦੇ ਲੋਕਾਂ ਦੀ ਸਮੂਹਕ ਪ੍ਰਤਿਭਾ ਦੇ ਸੁਤੰਤਰ ਪ੍ਰਗਟਾਵੇ ਹੁੰਦੇ ਹਨ। ਸਾਂਝੀਆਂ ਸੱਧਰਾਂ, ਸੁਪਨੇ, ਸੰਵੇਦਨਾਵਾਂ ਆਦਿ ਦਾ ਪ੍ਰਗਟਾਵਾ ਪ੍ਰਤੀਕਾਂ ਤੇ ਚਿਹਨਾਂ ਦੁਆਰਾ ਵਿਦਮਾਨ ਹੁੰਦਾ ਹੈ। ਇਹ ਸਾਰਾ ਕੁਝ ਸਮਕਾਲ ਸੰਦਰਭਾਂ ਰਾਹੀਂ ਮੂਰਤੀਮਾਨ ਨਹੀਂ ਹੁੰਦਾ ਸਗੋਂ ਅਤੀਤ ਦੀਆਂ ਪੈੜਾਂ ਦੇ ਅੰਗ-ਸੰਗ ਹੋ ਕੇ ਸਾਡੇ ਤੱਕ ਪੁੱਜਦੇ ਹਨ। ਲੋਕਧਾਰਾ ਦੀਆਂ ਗੂੜ੍ਹ-ਰੂੜ੍ਹੀਆਂ ਸਮਕਾਲੀ ਸਰੋਕਾਰਾਂ ਲਈ ਨਵੀਨ ਅਰਥ ਮੁਹੱਈਆ ਕਰਦੀਆਂ ਹਨ, ਉਥੇ ਸਾਂਸਕ੍ਰਿਤ ਅਤੀਤ ਨੂੰ ਆਪਣੀ ਬੁੱਕਲ ਵਿਚ ਲੈ ਕੇ ਫ਼ਖ਼ਰ ਮਹਿਸੂਸ ਕਰਦੀਆਂ ਹਨ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਆਏ ਲੋਕਧਾਰਾਈ ਸੰਕੇਤ ਸਾਡੀ ਸਭਿਆਚਾਰਕ ਵਿਰਾਸਤ ਦੀ ਵੱਡਮੁੱਲੀ ਵਸਤ ਹੈ, ਜਿਸ ਵਿਚ ਸਾਡੀਆਂ ਜੜ੍ਹਾਂ ਦੀ ਨਿਸ਼ਾਨਦਹੀ ਹੁੰਦੀ ਹੈ। ਗੁਰੂ ਅਰਜਨ ਸਾਹਿਬ ਨੇ 1604 ਈ. ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੱਡ ਆਕਾਰੀ ਗ੍ਰੰਥ ਸੰਪਾਦਨ ਕਰਕੇ ਯੋਜਨਾਬੱਧ ਰੂਪ ਦੇ ਰੂ-ਬ-ਰੂ ਨਿਸ਼ਚਿਤ ਪ੍ਰਤਿਭਾ ਦਾ ਚਾਨਣ ਮੁਹੱਈਆ ਕੀਤਾ। ਸਾਡੇ ਗੁਰਦੁਆਰਿਆਂ ਦੀਆਂ ਵਿਸ਼ਾਲ ਸੁੰਦਰ ਇਮਾਰਤਾਂ ਧਰਮ ਦੇ ਗੌਰਵਮਈ ਪ੍ਰਤੀਕਾਂ ਦਾ ਸੁਨਹਿਰੀ ਅਧਿਆਇ ਹੈ। ਸਮੇਂ ਦੇ ਗੁਜ਼ਰਨ ਨਾਲ ਚੇਤ ਜਾਂ ਅਚੇਤ ਤੌਰ ਤੇ ਬਹੁਤ ਸਾਰੀ ਲੋਕਧਾਰਾ ਅਲੌਕਿਕਤਾ ਦੀ ਉਕਾਸੀ ਕਰਨ ਲੱਗ ਪਈ ਅਤੇ ਲੋਕ ਚਿੱਤਰਕਾਰੀ, ਲੋਕ ਧਰਮ ਮਨੌਤਾਂ, ਮਿੱਥਾਂ, ਦੰਤ ਕਥਾਵਾਂ, ਲੋਕ ਵਿਸ਼ਵਾਸ

ਆਦਿ ਦਾ ਵਡੇਰਾ ਖੇਤਰ ਸਾਹਮਣੇ ਆਉਣ ਲੱਗ ਪਿਆ। ਬਹੁਤਿਆਂ ਗੁਰਦੁਆਰਿਆਂ ਵਿਚ ਲੋਕਧਾਰਾ ਦੇ ਵਿਭਿੰਨ ਰੂਪ ਜਿਵੇਂ ਲੋਕ ਚਿੱਤਰਕਾਰੀ, ਮਿੱਥਾਂ, ਲੋਕ ਧਰਮ ਮਨੌਤਾਂ, ਦੰਤ ਕਥਾਵਾਂ ਆਦਿ ਵੀ ਵੇਖਣ ਵਿਚ ਆਉਂਦੇ ਹਨ। ਇਹ ਚਿੰਨ੍ਹ ਅਤੇ ਚਿਹਨ ਸਾਡੇ ਮਨ ਮਸਤਕ ਵਿਚ ਚਿਰਸਥਾਈ ਟਿਕੇ ਰਹਿੰਦੇ ਹਨ। ਇਹੋ ਅਸਰਦਾਇਕ ਸੰਚਾਰ ਜੁਗਤ ਦਾ ਵਰਤਾਰਾ ਹੈ। ਲੋਕਧਾਰਾ ਦੇ ਗੂੜ੍ਹੇ ਸਰਬ ਪੱਖੀ ਪਰਿਵਰਤਿਤ ਬਹੁ-ਰੂਪੀ, ਬਹੁ-ਦ੍ਰਿਸ਼ਟੀ ਅਤੇ ਬਹੁ-ਪਰਤੀ ਨਕਸ਼ ਸਹਿਜੇ ਉੱਭਰ ਕੇ ਸਾਹਮਣੇ ਆਉਂਦੇ ਹਨ। ਲੋਕਧਾਰਾ ਜਿਥੇ ਚੇਤਨ ਅਵਚੇਤਨ ਵਿਚ ਲੁਕੇ ਅਰਥਾਂ ਨੂੰ ਸੰਚਾਰਿਤ ਕਰਦੀ ਹੈ, ਉਥੇ ਸੁਹਜਾਤਮਿਕ ਪੱਖ ਵੀ ਉਘੜਦਾ ਹੈ। ਇਸ ਦੇ ਅਨੇਕਾਂ ਮੋਟਿਫ਼ ਮਾਨਸਿਕ ਪਰਤਾਂ ਨੂੰ ਖੋਲਦੇ, ਕਲਾਤਮਿਕ ਭਾਵਨਾਵਾਂ ਦੀ ਤਰਜਮਾਨੀ ਕਰਦੇ, ਜ਼ਿੰਦਗੀ ਦੀ ਸੁਹਜ ਸੰਵੇਦਨਾ ਦੀ ਨੁਹਾਰ ਪ੍ਰਗਟ ਕਰਦੇ ਹਨ।

ਸਾਡੇ ਸਭਿਆਚਾਰ ਚਿਹਨ ਵਿਚ ਲੋਕ ਮਾਨਸਿਕਤਾ, ਸਮਾਜਿਕ, ਆਰਥਿਕਤਾ ਨਾਲ ਗਹਿਰਾ ਤੇ ਗੂੜ੍ਹਾ ਸਬੰਧ ਹੈ। ਆਦਿ ਤੋਂ ਹੀ ਆਦਮ ਮਾਨਵ ਲੋਕ ਸੰਸਕਾਰਾਂ, ਮਨੌਤਾਂ, ਗੀਤਾਂ, ਰੂੜ੍ਹੀਆਂ, ਪ੍ਰਤੀਕਾਂ ਚਿੰਨ੍ਹਾਂ ਆਦਿ ਰਾਹੀਂ ਵਿਕਸਿਤ ਹੁੰਦਾ ਰਿਹਾ ਹੈ। ਸਾਨੂੰ ਇਹ ਭੁੱਲਣਾ ਵੀ ਨਹੀਂ ਚਾਹੀਦਾ ਕਿ ਸਾਂਸਕ੍ਰਿਤ ਦੀਆਂ ਬੇਸ਼ਕੀਮਤੀ ਲੱਭਤਾਂ ਹੀ ਮਨੁੱਖੀ ਕਿਰਤ ਦੇ ਵਿਕਾਸ ਵਿਚੋਂ ਜਨਮੀਆਂ ਹਨ। ਜੇਕਰ ਸਾਨੂੰ ਸੁਚੇਤ ਹੋ ਕੇ ਸਾਂਝੀ ਰਹਿਤਲ ਅਪਨਾਉਣੀ ਹੈ ਤਾਂ ਸ਼ਾਨੋਮੱਤੇ ਲੋਕਧਾਰਾ ਦੀਆਂ ਅਮੀਰ ਪਰੰਪਰਾਵਾਂ ਦੀਆਂ ਪੈੜਾਂ ਨੂੰ ਹਰ ਹਾਲਤ ਵਿਚ ਸਾਂਭਣਾ ਪਵੇਗਾ, ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਲਈ।

ਸਮੁੱਚੇ ਕੋਸ਼ ਨੂੰ ਗੁਰਮੁਖੀ ਅੱਖਰ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ। ਹਰ ਅੰਦਰਾਜ ਦੇ ਸ਼ਬਦ ਜੋੜ/ਰੂਪਾਂ ਦੀ ਸਮਾਨਾਰਥੀ ਸ਼ਬਦਾਂ ਦੀ ਵਿਭਿੰਨਤਾ ਵਿਚੋਂ ਪਹਿਲੇ ਅੰਦਰਾਜ ਨੂੰ ਹੀ ਲਿਖ ਕੇ ਬਾਕੀ ਸ਼ਬਦ ਜੋੜ/ਰੂਪਾਂ ਦੀਆਂ ਪਕੰਤੀਆਂ ਦੇ ਦਿੱਤੀਆਂ ਹਨ। ਜਿਵੇਂ **ਵੈਸਾਖ** ਅੰਦਰਾਜ ਦੇ ਬਾਅਦ ਆਉਣ ਵਾਲੇ ਸ਼ਬਦ ਵੈਸਾਖਿ, **ਵੈਸਾਖੀ**, **ਵੈਸਾਖੁ** ਆਦਿ। ਇਸ ਕਾਰਜ ਵਿਚ ਅਨੇਕ ਤਰੁੱਟੀਆਂ ਵੀ ਦ੍ਰਿਸ਼ਟੀਗੋਚਰ ਹੋਣਗੀਆਂ, ਲੋਕਧਾਰਾਈ ਸੰਕੇਤਾਂ ਦੀ ਸੰਪੂਰਨਤਾ ਵੀ ਅਧੂਰੀਆਂ ਹੋ ਸਕਦੀਆਂ ਹਨ ਪਰ ਵਿਦਵਾਨ ਪਾਠਕ ਘਾਟਾਂ ਵੱਲ ਜ਼ਰੂਰ ਧਿਆਨ ਦਵਾਉਣਗੇ। ਅਕਾਲ ਪੁਰਖ ਦੀ ਰਹਿਮਤ ਸਦਕਾ ਇਹ ਛੋਟਾ ਜਿਹਾ ਕਾਰਜ ਸੰਪੂਰਨ ਹੋਇਆ ਹੈ। ਲੋਕਧਾਰਾ ਦੇ ਅੰਤਰਰਾਸ਼ਟਰੀ ਵਿਦਵਾਨ ਡਾ. ਕਰਨੈਲ ਸਿੰਘ ਥਿੰਦ ਦਾ ਮਸ਼ਕੂਰ ਹਾਂ, ਜਿਨ੍ਹਾਂ ਸਮਾਂ ਕੱਢ ਕੇ ਇਸ ਲਈ 'ਦੋ ਸ਼ਬਦ' ਲਿਖ ਕੇ ਭੇਜੇ ਹਨ। ਡਾ. ਗੁਰਚਰਨ ਸਿੰਘ ਅਤੇ ਡਾ. ਗੁਰਮੇਲ ਸਿੰਘ (ਪਟਿਆਲਾ) ਦਾ ਤਹਿ ਦਿਲੋਂ ਧੰਨਵਾਦੀ ਹਾਂ ਜੋ ਸਮੇਂ-ਸਮੇਂ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਹੱਲਾਸ਼ੇਰੀ ਦਿੰਦੇ ਰਹੇ। 'ਖੋਜ ਸੰਦ' ਦੀ ਕੋਣ ਤੋਂ ਜੇਕਰ ਇਹ ਨਿਮਖ ਮਾਤਰ ਵਾਧਾ ਕਰ ਸਕੇ ਤਾਂ ਮੈਂ ਖੁਸ਼ਕਿਸਮਤ ਸਮਝਾਂਗਾ।

ਅਕਾਲ ਸਹਾਇ।

-ਜਸਬੀਰ ਸਿੰਘ

ਸੰਖੇਪ ਚਿੰਨ੍ਹਾਂ ਦੀ ਸੂਚੀ

ਓਅੰ	-	ਓਅੰਕਾਰ
ਅਸ	-	ਅਸਟਪਦੀ
ਅਨੰ	-	ਅਨੰਦ
ਅਲ	-	ਅਲਾਹਣੀਆਂ
ਸ	-	ਸਲੋਕ
ਸਸ	-	ਸਲੋਕ ਸਹਸਕ੍ਰਿਤੀ
ਸਧ	-	ਭਗਤ ਸਧਨਾ
ਸਜ	-	ਸਲਯ
ਸਲੋ	-	ਸਲੋਕ ਵਾਰਾਂ ਤੋਂ ਵਧੀਕ
ਸਾਰ	-	ਰਾਗ ਸਾਰੰਗ
ਸੁੰਦ	-	ਬਾਬਾ ਸੁੰਦਰ
ਸੂਰ	-	ਭਗਤ ਸੂਰਦਾਸ
ਸਮੁ	-	ਸਵੱਯੈ ਮੁਖਬਾਕ
ਸਿਗੋ	-	ਸਿਧ ਗੋਸਟਿ
ਸੁਖ	-	ਸੁਖਮਨੀ
ਸੁਚ	-	ਸੁਚਜੀ
ਸੈਣ	-	ਭਗਤ ਸੈਣ
ਸੋਹ	-	ਸੋਹਲਾ
ਸੋਦ	-	ਸੋਦਰ
ਸੋਪੁ	-	ਸੋ ਪੁਰਖ
ਸੋਲਾ	-	ਸੋਲਹਾ
ਹਰਿ	-	ਹਰਿਬੰਸ
ਕਬ	-	ਭਗਤ ਕਬੀਰ
ਕਰ	-	ਕਰਹਲੇ
ਕਲ	-	ਕਲਸਹਾਰ
ਕਲਿ	-	ਰਾਗ ਕਲਿਆਣ
ਕੀਰ	-	ਕੀਰਤ
ਕਾਨ	-	ਰਾਗ ਕਾਨੜਾ
ਕੁਚ	-	ਕੁਚਜੀ
ਕੇਦਾ	-	ਰਾਗ ਕੇਦਾਰ
ਗਉ	-	ਰਾਗ ਗਉੜੀ
ਗੂਜ	-	ਰਾਗ ਗੂਜਰੀ
ਗਯੰ	-	ਗਯੰਦ
ਚਉ	-	ਚਉਬੋਲੇ
ਜਾਲ	-	ਜਾਲਪੁ
ਜੈਜਾ	-	ਰਾਗ ਜੈਜਾਵੰਤੀ
ਜੈਤ	-	ਰਾਗ ਜੈਤਸਰੀ
ਜੈਦੇ	-	ਭਗਤ ਜੈਦੇਵ
ਡ	-	ਡਖਣਾ
ਤਿਲੰ	-	ਰਾਗ ਤਿਲੰਗ

ਤ੍ਰਿਲੋ - ਭਗਤ ਤ੍ਰਿਲੋਚਨ
ਤੁਖਾ - ਰਾਗ ਤੁਖਾਰੀ
ਦਿਨ - ਦਿਨ ਰੈਣਿ
ਦੇਵ - ਰਾਗ ਦੇਵ ਗੰਧਾਰੀ
ਧਨਾ - ਰਾਗ ਧਨਾਸਰੀ
ਧੰਨਾ - ਭਗਤ ਧੰਨਾ
ਨਟ - ਰਾਗ ਨਟ ਨਰਾਇਨ
ਨਾਮ - ਭਗਤ ਨਾਮਦੇਵ
ਪਹ - ਪਹਿਰੇ
ਪਰ - ਭਗਤ ਪਰਮਾਨੰਦ
ਪੀਪਾ - ਭਗਤ ਪੀਪਾ
ਪ੍ਰਭਾ - ਰਾਗ ਪ੍ਰਭਾਤੀ
ਫਰ - ਸ਼ੇਖ ਫ਼ਰੀਦ
ਫੁਨ - ਫੁਨਹੇ
ਬਸ - ਬਲਵੰਡ ਸਤਾ
ਬਸੰ - ਰਾਗ ਬਸੰਤ
ਬਾਅ - ਬਾਵਨ ਅਖਰੀ
ਬਾਰਾ - ਬਾਰਾਮਾਹਾ
ਬਿਹਾ - ਰਾਗ ਬਿਹਾਗੜਾ
ਬਿਰ - ਬਿਰਹੜੇ
ਬਿਲਾ - ਰਾਗ ਬਿਲਾਵਲ
ਬੇਣੀ - ਭਗਤ ਬੇਣੀ
ਬੈਰਾ - ਰਾਗ ਬੈਰਾੜੀ
ਭੀਖ - ਭਗਤ ਭੀਖਣ
ਭੈਰ - ਰਾਗ ਭੈਰਉ
ਮਰ - ਮਰਦਾਨਾ
ਮਲ - ਰਾਗ ਮਲਾਰ
ਮਾਲੀ - ਰਾਗ ਮਾਲੀ ਗਉੜਾ
ਮਥੁ - ਮਥੁਰਾ
ਮੁੰਦਾ - ਮੁੰਦਾਵਣੀ
ਰਾਗ - ਰਾਗਮਾਲਾ
ਰਾਮ - ਰਾਗ ਰਾਮਕਲੀ
ਰਵਿ - ਭਗਤ ਰਵਿਦਾਸ
ਰਾਮਾ - ਭਗਤ ਰਾਮਾਨੰਦ
ਵਡ - ਰਾਗ ਵਡਹੰਸ
ਵਣ - ਵਣਜਾਰਾ
ਵਾ - ਸਤਵਾਰਾ

ਤਤਕਰਾ

ਉਗਾਹੀ- (ਫਾ.ਗਵਾਹੀ)-ਗੁਵਾਹੀ, ਸ਼ਹਾਦਤ, ਸਾਖੀ, ਗਵਾਹ ਦਾ ਕਥਨ, ਗਵਾਹੀ ਭਰਨੀ, ਸ਼ਾਹਦੀ

*ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥

-ਮਾਰੂ ੧, ਸੋਲਾ ੧੨,੩:੩ (1032)

ਉਚਕਾ- ਚੁਕ ਕੇ ਲੈ ਜਾਣ ਵਾਲਾ, ਚੋਰ, ਦੂਜਿਆਂ ਦਾ ਮਾਲ ਚੁਕ ਲੈਣ ਵਾਲਾ, ਠੱਗ ਲੈਣ ਦਾ ਕੰਮ, ਬਦਮਾਸ਼।

*ਹਰਿ ਧਨ ਕਉ **ਉਚਕਾ** ਨੇੜਿ ਨ ਆਵਈ ਜਮ ਜਾਗਾਤੀ ਡੰਡੁ ਨ ਲਗਾਈ॥

-ਸੂਹੀ ੪,੧੦,੪:੨ (734)

ਉਜਾਨਾ- ਉਜਾਨ ਤੇ ਚੜ੍ਹਨ ਵਾਲਾ, ਵਿਮਾਨਾ ਦੀ ਸਵਾਰੀ ਕਰਨ ਵਾਲੇ, ਦੇਵਤੇ

*ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ **ਉਜਾਨਾਂ**॥

-ਆਸਾ ਕਬ, ੨੪,੩:੧ (482)

ਉਡਵਾ- ਸਿਤਾਰੇ, ਤਾਰੇ, ਨਛਤ੍ਰ, ਉਡੁਗਣ

*ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ॥

-ਪ੍ਰਭਾ ੪,੩,੨:੨ (1336)

ਉਤਪਤਿ- ਜਨਮ, ਪੈਦਾਇਸ਼, ਰਚਨਾ, ਰਚਿਆ ਹੋਇਆ, ਉਗਿਆ ਹੋਇਆ।

*ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ **ਉਤਪਤਿ** ਪਰਲਉ ਨਾਹੀ॥

ਗਉ ਕਬ, ੪੮,੧:੧ (333)

*ਹਰਿ ਇਕੋ ਵਰਤੈ ਇਕੁ ਇਕੋ **ਉਤਪਤਿਆ**॥

-ਸੋਰ ੪,ਵਾਰ ੯:੩ (646)

*ਅਨਿਕ ਪਰਲਉ ਅਨਿਕ **ਉਤਪਾਤਿ**॥

-ਸਾਰ ੫,ਅਸ ੨,੯:੨ (1236)

*ਬ੍ਰਹਮ ਬਿੰਦੁ ਤੇ ਸਭ **ਉਤਪਾਤੀ**॥

-ਗਉ ਕਬ, ੭,੧:੨ (324)

ਉਦੈ- ਸੂਰਜ ਦਾ ਪ੍ਰਗਟ ਹੋਣਾ, ਗ੍ਰਹਿ ਜਾਂ ਤਾਰੇ ਦਾ ਆਕਾਸ਼ ਵਿਚ ਦਿਖਾਈ ਦੇਣਾ ਜਾਂ ਚੜ੍ਹਨਾ।

*ਕਹਿ ਕਬੀਰ ਮਨਿ ਭਇਆ ਪ੍ਰਗਾਸਾ **ਉਦੈ** ਭਾਨੁ ਜਬ ਚੀਨਾ॥

-ਗਉ ਕਬ, ੪੩,੨:੨ (332)

ਊਨ- (ਸੰ.ਊਰਣ)ਭੇਡਾਂ ਆਦਿ ਦੇ ਵਾਲ, ਪਸ਼ਮ, ਭੇਡ ਬਕਰੀ ਆਦਿ ਦੀ ਜੱਤ ਜਿਸ ਨੂੰ ਤੁੰਬ ਕੱਤ ਕੇ ਸੂਤ ਬਣਾਈ ਦਾ ਹੈ ਤੇ ਫੇਰ ਗਰਮ ਕੱਪੜੇ ਬਣਦੇ ਹਨ।

*ਹੰਢੈ **ਊਨ** ਕਤਾਇਦਾ ਪੈਧਾ ਲੋੜੈ ਪਟੁ॥

-ਸਲੋ ਫਰ, ੨੩:੨ (1379)

ਉਪਜਹਿ- ਜੰਮਣਾ, ਪੈਦਾ ਹੋਣਾ, ਉਗਣਾ, ਪਰਗਟ ਹੋਣਾ, ਬਾਹਰ ਆਉਣਾ,

*ਜਲ ਬਿਨੁ ਸਾਖ ਕੁਮਲਾਵਤੀ **ਉਪਜਹਿ** ਨਾਹੀ ਦਾਮ॥

-ਗਉ ੫, ਬਾਰਾ ੧:੪ (133)

***ਉਪਜਤ** ਬਿਨਸਤ ਰੋਵਤ ਰਹਿਬੋ॥

-ਗਉ ਕਬ, ੮,੧:੨ (325)*

*ਕਰਿ ਅਨੁਗ੍ਰਹੁ ਆਪਿ ਰਾਖਿਓ ਨ **ਉਪਜਤਉ** ਬੇਕਾਰੁ॥

-ਕੇਦਾ ੫,੧੨, ੧:੧ (1121)

*ਜਗ ਝੂਠ ਕਉ ਸਾਚੁ ਜਾਨ ਕੈ ਤਾ ਸਿਉ ਰੁਚ **ਉਪਜਾਈ**॥

-ਟੋਡੀ ੮,੧,੧:੧ (718)

*ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥

-ਗਉ ੯,੬,੧:੨ (199)

*ਨਿੰਦਕ ਮੁਆ ਉਪਜਿ ਵਡਤਾਪੁ॥

-ਗਉ ੫,੧੬੭, ੨:੨ (199)

*ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥

-ਧੰਨਾ ੯,੪,੨:੧ (685)

*ਜਿਸ ਤੇ **ਉਪਜਿਆੜਾ** ਤਿਨਿ ਲੀਆ ਸਮਾਈ ਰਾਮ॥

-ਬਿਹਾ ੫, ਛੰਤ ੫,੪:੨ (545)

*ਮਿਠਾ ਕਰਿ ਕੈ ਖਾਇਆ ਕਉੜਾ **ਉਪਜਿਆ** ਸਾਦੁ॥

-ਸਿਰੀ ੫,੯੧,੧:੧ (50)

*ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ **ਉਪਜੀ** ਨਿਰਮਲ ਕਰਣੀ

-ਦੇਵ ੫,੯,੨:੧ (530)

*ਤਿਸ ਤੇ **ਉਪਜੇ** ਦੇਵ ਮੋਹ ਪਿਆਸਾ॥

-ਗਉ ੩, ਅਸ ੪,੧:੨ (230)

*ਨਉ ਨਿਧਿ **ਉਪਜੈ** ਨਾਮੁ ਏਕੁ ਕਰਮਿ ਪਵੈ ਨੀਸਾਣੁ॥

-ਸਿਰੀ ੧,੧੩,੨:੩ (19)

ਉਪਾਰਜਨਾ- ਰੰਗਣਾ, ਚਿੱਤਰਨਾ, ਸ਼ਿੰਗਾਰਨਾ, ਮਖਲੂਕਾਤ, ਜਮਾ ਕਰਨਾ,

*ਕੋਟਿ **ਉਪਾਰਜਨਾ** ਤੇਰੈ ਅੰਗਿ॥

-ਭੈਰ ੫, ਅਸ ੨,੨:੩ (1156)

ਉਰਸਾ- ਕੇਸਰ ਘੋਟਨ ਵਾਲਾ ਗੋਲ ਪੱਥਰ, ਇਕ ਸਿਲ ਜਿਸ ਤੇ ਪੁਜਾਰੀ ਚੰਦਨ ਆਦਿ ਰਗੜ ਕੇ ਤਿਲਕ ਲਾਉਂਦੇ ਹਨ।

*ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ **ਉਰਸਾ** ਹੋਇ॥

-ਗੂਜਾ ੧,੧,੧:੧ (489)

ਉਰਹਾਰਿ- ਉਰ+ਹਾਰਿ-ਦਿਲ ਦਾ ਹਾਰ

*ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ **ਉਰਹਾਰਿ**॥

-ਬਿਲਾ ੫,੧੧੧, ੧:੨ (826)

*ਦੀਪਕੁ ਸਬਦਿ ਵਿਗਾਸਿਆ ਰਾਮਨਾਮੁ **ਉਰਹਾਰੁ**॥

-ਸਿਰੀ ੧, ਅਸ ੨,੫:੩ (54)

ਉਰਵਾਰਿ- ਲੋਕ, ਇਹ ਲੋਕ, ਇਸ ਕੰਢੇ, ਉਰਲੇ ਕਿਨਾਰੇ,

*ਕਹੁ ਕਬੀਰ ਭਜੁ ਸਾਰਿਗਪਾਨੀ। **ਉਰਵਾਰਿ** ਪਾਰਿ ਸਭ ਏਕੋ ਦਾਨੀ॥

-ਗਉ ਕਬ,੬੧,੪,੧:੨ (357)

*ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥

-ਗਉ ਰਵਿ ੧,੩:੨ (346)

ਉਵਟੀਐ- ਕਮਾਈ, ਖੱਟੀ, ਜਿੱਤ, ਵਟਣ ਦਾ ਭਾਵ,

*ਕਉਣ ਹਾਰੇ ਕਿਨਿ **ਉਵਟੀਐ**॥

-ਰਾਮ ਸਬ, ੨,੧੩ (967)

ਊਦਕ-ਜਲ, ਪਾਣੀ, ਆਬ

*ਆਨੀਲੈ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ॥

-ਆਸਾ ਨਾਮ, ੨,੧:੧ (485)

ਊਪਜਹਿ- ਪੈਦਾ ਹੋਣਾ, ਜੰਮਣਾ,

*ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ॥

-ਸਿਰੀ ੫,੮੦,੧:੨ (45)*

*ਹਰਿ ਕੀ ਪ੍ਰੀਤਿ ਤਿਨ **ਊਪਜੀ** ਹਰਿ ਪ੍ਰੇਮ ਕਸਾਏ॥

-ਗੂਜ ੩, ਵਾਰ ੧੧:੨ (513)

*ਨਾਮੈ ਤੇ ਸਭਿ **ਊਪਜੇ** ਭਾਈ ਨਾਇ ਵਿਸਰਿਐ ਮਰਿ ਜਾਇ॥

-ਸੋਰ ੩,੯,੨:੧ (603)

ਸਚੁ ਮਿਲੈ ਸਚੁ **ਊਪਜੈ** ਸਚ ਮਹਿ ਸਾਚਿ ਸਮਾਇ॥

-ਸਿਰੀ ੧, ੧੦, ੫:੧ (18)

*ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥

-ਆਸਾ ੩, ਅਸ ੩੧,੫:੨ (427)

ਊਭ- ਅਸਮਾਨ, ਅਕਾਸ਼, ਉੱਚਾ ਉਭਰਿਆ ਹੋਇਆ, ਉਤਸ਼ਾਹ, ਉਮੰਗ, ਹੌਂਸਲਾ,

*ਇਹ ਮਨੂਆ ਖਿਨੁ **ਊਭ** ਪਇਆਲੀ ਭਰਮਦਾ ਇਕਤੁ ਅਰਿ ਆਣੈ ਰਾਮ॥

-ਆਸਾ ੪,ਛੰਤ ੯,੫,੨ (443)

*ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਆਏ॥

-ਭੈਰ ੫,੧੫,੧:੨ (1139)*

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥

-ਰਾਮ ੧,੧,੨:੧ (876)

ਊਰਮ- ਸਮੁੰਦਰ, ਜਲ, ਲਹਿਰ, ਤਰੰਗ, ਜਲਥਲ ਅੰਦਰ ਕਰਤਾਰ ਦੀ ਜੋਤ ਦਾ ਚਮਤਕਾਰ

*__ਊਰਮ__ ਧੂਰਮ ਜੋਤਿ ਉਜਾਲਾ॥

-ਰਾਮ ੧, ਓਅੰ ੮:੧ (930)

ਓਹਾੜ- ਝੱਖੜ, ਤੂਫ਼ਾਨ, ਹੜ, ਕੁਦਰਤ ਵੱਲੋਂ ਨਾਜ਼ਲ ਕਹਿਰ,

*ਝੜ ਝੱਖੜ **ਓਹਾੜ** ਲਹਰੀ ਵਹਨਿ ਲਖੇਸਰੀ॥

-ਸਲੋ ੧,੪:੧ (1410)

ਓਗਾਹਾ- (ਫਾ.ਗਵਾਹ) ਸਾਖੀ, ਦੇਖੀ ਗੱਲ ਦੱਸਣ ਵਾਲਾ

*ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥

-ਸਲੋ ਕਬ, ੯੮:੪ (1383)

ਓਚਕਾ- ਠਗ, ਚੋਰ

*ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ।

-ਗੂਜ ੩,ਵਾਰ੭ਸ,੩,੨:੨ (511)

ਓਡਾ- ਇਕ ਜਾਤ ਜੋ ਧਰਤੀ ਹੇਠਾਂ ਲੁਕੇ ਖੂਹ ਦਾ ਪਤਾ ਦਿੰਦੀ ਹੈ ਅਥਵਾ ਪੁਟੇ ਜਾਣ ਵਾਲੇ ਖੂਹ ਦੀ ਪੁੱਟੀ ਗਈ ਮਿੱਟੀ ਜਾਂ ਰੋੜੇ ਵੱਟਿਆਂ ਤੋਂ ਉਸ ਦੇ ਖਾਰੇ ਜਾਂ ਮਿੱਠੇ ਪਾਣੀ ਹੋਣ ਬਾਰੇ ਦਸਦੀ ਹੈ। ਪੁਰਾਣੇ ਖੂਹਾਂ (ਦੱਬੇ ਹੋਏ) ਨੂੰ ਲੱਭਣ ਵਿਚ ਵੀ ਲੋਕੀ ਇਨ੍ਹਾਂ ਦੀ ਮੱਦਦ ਲੈਂਦੇ ਹਨ।

*ਜਿਉ **ਓਡਾ** ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ॥

-ਬਸੰ ੪,੬,੨:੨ (1179)

ਓਤਾਕੁ- (ਫ਼ਾ.ਔਤਾਕ) ਘਰ ਵਿਚ ਮਰਦਾਂ ਦੇ ਬੈਠਣ ਦਾ ਕਮਰਾ, ਨਿਵਾਸ, ਟਿਕਾਣਾ, ਰਿਹਾਇਸ਼, ਨਿਸ਼ਸਤ ਗਾਹ, ਮਰਦਾਵੀਂ ਬੈਠਕ, ਹੁਜਰਾ,

*ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ **ਓਤਾਕੁ**॥

-ਸਿਰੀ ੧, ਅਸ ੩,੫:੨ (55)

ਓਦਾਸੀ- ਤਿਆਗੀ, ਉਦਾਸੀ

*ਨਾ ਇਹੁ ਗਿਰਹੀ ਨਾ ਓਦਾਸੀ॥

-ਗੋਂਡ ਕਬ, ੫,੨:੧ (871)

ਓਪਤਿ- ਉਪਜ, ਉਤਪਤਿ ਪੈਦਾਇਸ਼, ਜਨਮ, ਰਚਨਾ,

*ਸਬਦੇ ਹੀ ਫਿਰਿ **ਓਪਤਿ** ਹੋਵੈ॥

-ਮਾਝ੩, ਅਸ ੧੪,੨:੧ (117)

ਓਬਰੀ- ਪਸ਼ੂ ਸ਼ਾਲਾ, ਕੋਠੜੀ, ਪਸ਼ੂਆਂ ਨੂੰ ਬੰਨ੍ਹਣ ਵਾਲਾ ਕਮਰਾ

*ਕਬੀਰ ਕਾਗਦ ਦੀ **ਓਬਰੀ** ਮਸੁ ਕੇ ਕਰਮ ਕਪਾਟ॥

-ਸਲੋ ਕਬ, ੧੩੭:੧ (1371)

ਓਲ੍ਹਗ- ਜੂਠੇ ਭਾਂਡੇ ਮਾਂਜਣ ਵਾਲਾ, ਜੂਠ ਸਾਫ਼ ਕਰਨੀ, ਜੂਠ,

*ਸੰਤ ਆਚਰਣ ਸੰਤ ਕੋ ਮਾਰਗੁ ਸੰਤ ਚ **ਓਲ੍ਹਗ** ਓਲ੍ਹਗਣੀ॥

-ਆਸਾ ਰਵਿ, ੨,੨:੧ (486)

*ਮੈਂ **ਉਲ੍ਹਗੀਆ** ਉਲ੍ਹਗੀ ਹਮ ਛੋਰੂ ਥਾਰੇ॥

-ਆਸਾ ੧, ਅਸ ੧੯,੧:੧ (421)*

ਅਉਧੂ- ਸੰਨਿਆਸੀ, ਯੋਗੀ, ਫ਼ਿਕਰਾਂ ਚਿੰਤਾਵਾਂ ਦਾ ਅਵਧੂਨਨ ਕਰਨ ਅਥਵਾ ਝਾੜ ਕੇ ਪਰ੍ਹਾਂ ਸੁੱਟ ਦੇਣ ਵਾਲਾ, ਵਿਰਕਤ ਸਾਧੂ, ਤਿਆਗੀ, ਜੋ ਮਿੱਟੀ ਸੁਆਹ ਵਿਚ ਰਾਤ ਨੂੰ ਲੇਟਦਾ ਹੈ ਅਤੇ ਸਵੇਰ ਉਠਕੇ ਸਰੀਰ ਤੋਂ ਗਰਦਾ ਝਾੜਦਾ ਹੈ।

*ਸੁਣ ਮਾਛਿੰਦ੍ਰਾ **ਅਉਧੂ** ਨੀਸਾਣੀ॥

-ਰਾਮ ੧,੫,੩:੨ (877)

*ਦਸ ਨਾਰੀ **ਅਉਧੂਤ** ਦੇਨਿ ਚਮੋੜੀਐ॥

–ਗੂਜ ੫,ਵਾਰ ੧੫:੩ (522)

*ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ **ਅਉਧੂਤਾ**॥

–ਸੂਹੀ ੫,੪੯,੩:੧ (747)

*ਨਾ **ਅਉਧੂਤੀ** ਨਾ ਸੰਸਾਰੀ॥

–ਰਾਮ ੧, ਅਸ ੨, ੧:੪ (903)

*ਸੋ **ਅਉਧੂਤੁ** ਐਸੀ ਮਤਿ ਪਾਵੈ॥

–ਰਾਮ ੧,੫,੧:੧ (877)*

ਅਉਰਤ- (ਫਾ.ਔਰਤ) ਇਸਤ੍ਰੀ, ਜਨਨੀ, ਨਾਰੀ, ਜਨਾਨੀ, ਤ੍ਰੀਮਤ, ਵਹੁਟੀ,
*ਕਾਇਆ ਕਿਰਦਾਰ **ਅਉਰਤ** ਯਕੀਨਾ॥

–ਮਾਰੂ ੫,੧੨,੧੨:੧ (1084)

*ਦਸ **ਅਉਗਤ** ਰਖਹੁ ਬਦ ਰਾਹੀ॥

–ਮਾਰੂ ੫,ਸੋਲਾ ੧੨,੪:੨ (1083)

ਅਉਰਨ- ਪਹਿ ਜਾਨਾ ਚੂਕਾ॥

–ਸੋਰ ਕਬ, ੬,੩:੩ (655)

ਅਉਲਿ- (ਅ.ਔਲੀਆ) 'ਵਲੀ ਦਾ ਬਹੁ ਵਚਨ' ਧਾਰਮਿਕ ਆਗੂ, ਪੀਰ, ਸਹਾਇਕ ਸੂਰਮੀ, ਮਾਲਿਕ, ਮਦਦਗਾਰ, ਦੋਸਤ, ਰਬੀ ਦਰਗਾਹ ਵਿਚ ਪਰਵਾਨ ਵਿਅਕਤੀ, ਮ੍ਰਿਤ, ਭਰਤਾ,
*ਅਵਲਿ **ਅਉਲਿ** ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥

–ਮਾਝ੧,ਵਾਰ ੯ਸ, ੧,੧:੨ (141)

*ਪੀਰ ਪੈਕਾਬਰ **ਅਉਲੀਏ** ਕੋ ਥਿਰੁ ਨ ਰਹਾਸੀ॥

–ਮਾਰੂ ੫, ਵਾਰ ੧੭:੫ (1100)

ਅਸਪਤਿ- ਘੋੜਿਆਂ ਦਾ ਮਾਲਕ, ਸੂਰਜ ਦੇਵਤਾ
***ਅਸਪਤਿ** ਗਜਪਤਿ ਨਰਹ ਨਰਿੰਦ॥

–ਤਿਲੰ ਨਾਮ, ੩,੪:੧ (727)

ਅਹਰਣਿ- ਲੋਹੇ ਦਾ ਪਿੰਡ, ਜਿਸ ਉਤੇ ਠੰਢਾ ਜਾਂ ਤੱਤਾ ਲੋਹਾ ਰਖ ਕੇ ਲੋਹਾਰ ਹਥੌੜੇ ਨਾਲ ਉਸ ਨੂੰ ਕੁਟਦਾ ਹੈ। ਹਥੌੜੇ ਨਾਲ ਘੜਿਆ ਜਾਂਦਾ ਹੈ, ਆਹਨੀ, ਨਿਹਾਈ।

ਅਹਰਣਿ ਮਤਿ ਵੇਦੁ ਹਥਿਆਰ॥

-ਜਪੁ ੧,੩੮:੧ (8)

ਅਹਾਰੁ- ਗਿਜ਼ਾ, ਰਸਦ, ਭੋਜਨ, ਖ਼ੁਰਾਕ, ਖਾਣਾ,

*ਦੇਇ **ਅਹਾਰੁ** ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥

-ਆਸਾ ਧੰਨਾ, ੩,੧:੨ (488)

*ਜਨ ਕੀ ਭੂਖ ਤੇਰਾ ਨਾਮੁ ਅਹਾਰੁ॥

-ਸੂਹੀ ੫,੩੨,੩੧ (743)

*ਖੰਡਿਤ ਨਿਦ੍ਰਾ ਅਲਪ **ਅਹਾਰੰ** ਨਾਨਕ ਤਤੁ ਬੀਚਾਰੋ।

-ਰਾਮ ੧, ਸਿਗੋ ੮:੪ (939)

*ਕੰਦ ਮੂਲੁ **ਅਹਾਰੋ** ਖਾਈਐ ਅਉਧੂ ਬੋਲੈ ਗਿਆਨੇ॥

-ਰਾਮ ੧, ਸਿਗੋ੭:੨ (939)

ਅਹੀਰੁ- ਗੁਜਰ, ਗੁਆਲਾ, ਆਜੜੀ, ਵਗ ਚਾਰਨ ਵਾਲਾ, ਇਕ ਜਾਤੀ ਜਿਸ ਦਾ ਕੰਮ ਗਊਆਂ ਆਦਿ ਰੱਖਣਾ ਅਤੇ ਦੁੱਧ ਵੇਚਣਾ ਹੈ।

*ਗਲਾ ਬਾਂਧਿ ਦੁਹਿ ਲੇਇ ਅਹੀਰੁ॥

-ਸਾਰ ਨਾਮ, ੧,੨:੨ (1252)

ਅਹੇਰੀ- ਸ਼ਿਕਾਰ ਕਰਨ ਵਾਲਾ, ਸ਼ਿਕਾਰੀ, ਹੇੜੀ,

*ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥

-ਧਨਾ ਕਬ, ੨,੧:੨ (692)

ਅਹੋਈ- ਅਹਿੰ ਵੰਸ ਵਿਚ ਹੋਣ ਵਾਲੀ ਇਕ ਦੇਵੀ ਜਿਸ ਦੀ ਪੂਜਾ ਕੁਆਰੀਆਂ ਲੜਕੀਆਂ ਨੌਰਾਤਿਆਂ ਵਿਚ ਉਸ ਦੀ ਮੂਰਤੀ ਬਣਾ ਅਸ਼ਟਮੀ ਨੂੰ ਵਰਤ ਰੱਖ ਕੇ ਕੱਤਕ ਦੀ ਚਾਨਣੀ ਏਕਮ ਨੂੰ ਜਲਪਰਵਾਹ ਕਰਕੇ ਕਰਦੀਆਂ ਹਨ। ਇਸ ਨੂੰ ਹਰਣਾਕਸ਼ ਆਦਿ ਦੀ ਭੈਣ ਵੀ ਆਖਦੇ ਹਨ, ਪ੍ਰਹਿਲਾਦ ਦੀ ਭੂਆ ਸੀ,

*ਕਬੀਰ ਹਰਿ ਕਾ ਸਿਮਰਨੁ ਛਾਡਿ ਕੈ **ਅਹੋਈ** ਰਾਖੈ ਨਾਰਿ॥

-ਸਲੋ ਕਬ, ੧੦੮:੧ (1370)

ਅਖਾਣ : (ਸੰ: ਆਖਯਾਨ) ਅਹਾਣ, ਅਖੌਤ, ਕਹਾਵਤ, ਮੂੰਹੋਂ ਮੂੰਹ ਚਲੇ ਆ ਰਹੇ ਬੱਝਵੇਂ ਤੇ ਪ੍ਰਮਾਣੀਕ ਵਾਕ, ਗੁਰਬਾਣੀ ਵਿੱਚ ਅਨੇਕਾਂ ਅਖਾਣ ਆਏ ਹਨ।

* ਆਪੇ ਬੀਜਿ ਆਪੇ ਹੀ ਖਾਹੁ॥ *-ਜਪੁ ੧, ੨੦:੬ (4)*

* ਮਨਿ ਜੀਤੈ ਜਗੁ ਜੀਤੁ

-ਜਪੁ, ੧, ੨੮:੩ (6)

* ਵਰਮੀ ਮਾਰੀ ਸਾਪੁ ਨ ਮਰਈ।

-ਆਸਾ ੫, ੪੨,੧:੨ (381)*

* ਸਚੈ ਮਾਰਗਿ ਚਲਦਿਆ ਉਸਤਤਿ ਕਰੈ ਜਹਾਨੁ॥

-ਮਾਝ ੫, ਬਾਰਾ, ੧੨:੫ (136)

* ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥

-ਮਾਝ ੧, ਵਾਰ ੨੪ ਸ, ੧੨:੩ (149)

* ਜਬ ਨਾਚੀ ਤਬ ਘੂਘਟੁ ਕੈਸਾ॥

-ਤੁਖਾ ੧, ਛੰਤ ੪, ੪:੫ (1112)

* ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ।

-ਕੇਦਾ ਕਬ, ੬:੧*੧ (1124)

* ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥

-ਸਲੋ ਕਬ, ੧੩:੨ (1365)

ਅਖਰੁ- ਮੰਤਰ, ਵਰਣ, ਹਰਫ਼, ਬਾਣੀ ਦੇ ਲਿਖਣ ਲਈ ਥਾਪੇ ਹੋਏ ਚਿੰਨ੍ਹ

*ਕਵਣੁ ਸੁ **ਅਖਰੁ** ਕਵਣ ਗੁਣ ਕਵਣੁ ਸੁ ਮਣੀਆ ਮੰਤੁ॥

-ਸਲੋ ਫਰ, ੧,੨੬:੧ (1384)

ਅਖਾੜਾ- ਘੁਲਣ ਦੀ ਥਾਂ, ਦੰਗਲ ਕਰਨ ਵਾਲੀ ਥਾਂ, ਸਾਧੂ ਸੰਪਰਦਾ ਦਾ ਕੋਈ ਮੰਡਲੀ ਜਾਂ ਡੇਰਾ, ਰੰਗ ਭੂਮੀ, ਜਿਥੇ ਤਮਾਸ਼ਾ ਕੀਤਾ ਜਾਵੇ, ਪਿੜ, ਮੱਲਯੁੱਧ ਦੀ ਭੂਮੀ।

*ਤੁਝ ਬਿਨੁ ਦੂਜਾ ਅਵਰ ਨ ਕੋਈ ਸਭੁ ਤੇਰਾ ਖੇਲੁ **ਅਖਾੜਾ** ਜੀਉ॥

-ਮਾਝ ੫,੩੧,੨:੩ (103)

*ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਦਾਮ॥

-ਬਿਹਾ ੫, ਛੰਤ ੧,੧:੨ (542)

*ਜਿਉ ਬੇਸਬਾ ਕੇ ਪਰੇ **ਅਖਾਰਾ**॥

-ਭੈਰ ਨਾਮ, ੮,੩:੧ (1165)

ਅਚਾਰ- ਦਸਤੂਰ, ਰਸਮ, ਧਰਮ ਦੀਆਂ ਰੀਤਾਂ ਤੇ ਚੱਲਣ ਵਾਲਾ, ਰਸਮ ਰਿਵਾਜ, ਰਹਿਤ, ਰੀਤ, ਪੁੰਨ ਕਰਮ, ਦਾਨ ਯੱਗ, ਸ਼ੁਭ ਕਰਨੀ ਆਦਿ

*ਆਨ **ਅਚਾਰ** ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ॥

-ਧਨਾ ੫,੫੦,੨:੧ (682)

*ਨਾਮ ਬਿਨਾ ਨਹ ਪੜਉ **ਅਚਾਰ**॥

-ਭੈਰ,੩,ਅਸ੧,੨:੩ (1154)

*ਚਜ ਅਚਾਰ ਕਿਛੁ ਬਿਧਿ ਨਹੀ ਜਾਨੀ॥

-ਆਸਾ ੫,੭,੧:੩ (372)

*ਗੁਣੀ **ਅਚਾਰਿ** ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ।

-ਧਨਾ ੧,੩,੧:੪ (689)

*ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ **ਅਚਾਰੁ**॥

-ਸਿਰੀ ੧,੧੩,੩:੧ (19)

*ਨਾ ਰਿਦੈ ਨਾਮੁ ਨ ਸਬਦੁ **ਅਚਾਰੁ**॥

-ਰਾਮ ੧, ਅਸ ੪, ੬:੪ (904)

*ਗੁਰਮੁਖਿ ਪਾਈਐ ਸਬਦਿ **ਅਚਾਰਿ**॥

-ਰਾਮ ੩,ਸਿਰੀ ੨੯:੪ (941)

*ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥

-ਆਸਾ ੫,੧੩੭,੨:੨ (409)

*ਕਹੁ ਨਾਨਕ ਮੇਰੇ ਬਨਿਓ ਸੁਹਾਗੋ ਪਤਿ ਸਭੋ ਭਲੇ **ਅਚਾਰੇ**॥

-ਮਲਾ ੫,੭,੨:੨ (1268)

ਅੰਜਨ- ਕੱਜਲ, ਸਿਆਹੀ, ਸੁਰਮਾ,

-**ਅੰਜਨ** ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ॥

-ਮਾਝ ੩, ਅਸ ੬,੧:੨ (112)*

*ਗਿਆਨ **ਅੰਜਨ** ਨਾਮ ਬਿੰਜਨ ਭਏ ਸਗਲ ਸੀਗਾਰਾ॥

-ਬਿਹਾ ੫,ਛੰਤ ੨,੧:੫ (542)

*ਗੁਰ ਗਿਆਨ **ਅੰਜਨਿ** ਕਾਟਿਉ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ।

-ਮਾਰੂ ੫, ਸੋਲਾ ੮,੧੨:੩ (1079)

*ਗਿਆਨ **ਅੰਜਨੁ** ਭੈ ਭੰਜਨਾ ਦੇਖੁ ਨਿਰੰਜਨ ਭਾਇ॥

-ਸਿਰੀ ੨, ਅਸ ੭,੩:੧ (57)

*ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ॥
-ਆਸਾ ੧, ਛੰਤ ੩,੪:੧ (437)

ਅਜਰਾਈਲ- (ਅ.ਅਜ਼ਰਾਈਲ) ਮੌਤ ਦਾ ਫਰਿਸ਼ਤਾ, ਜਮਰਾਜ, ਜਮਗਣ,
*ਮਮ ਸਰ ਮੂਇ **ਅਜਰਾਈਲ** ਗਿਰਫ਼ਤਹ ਦਿਲ ਹੇਚਿ ਨ ਦਾਨੀ॥
-ਤਿਲੰ ੧,੧,੧*:੨ (721)

***ਅਜਰਾਈਲਿ** ਫੜੇ-ਫੜੇ ਭਠੇ॥
-ਮਾਰੂ ੫,ਅਸ ੮,੨:੨ (1019)

***ਅਜਰਾਈਲੁ** ਫਰੇਸਤਾ ਤਿਲ ਪੀੜੇ ਘਾਣੀ।
-ਗਉ ੪, ਵਾਰ ੨੭:੪ (315)

ਅੰਨ- ਅਨਾਜ, ਖਾਣ ਵਾਲਾ ਪਦਾਰਥ, ਭੋਜਨ, ਖ਼ੁਰਾਕ, ਖਾਣ ਵਾਲੀ ਸ਼ੈ ਜੋ ਅਨਾਜ ਦੀ ਬਣੀ ਹੋਵੇ।
*ਜੇਤੇ ਦਾਣੇ **ਅੰਨ** ਕੇ ਜੀਆ ਬਾਝੁ ਨ ਕੋਇ॥
-ਆਸਾ ੧, ਵਾਰ ੧੮ਸ, ੧,੧:੩ (472)

*ਜੂਠਿ ਨ **ਅੰਨੀ** ਜੂਠਿ ਨ ਨਾਈ॥
-ਸਾਰ੪, ਵਾਰ੭ਸ, ੧,੧:੩ (1240)

*ਤਜਿਐ **ਅੰਨਿ** ਨ ਮਿਲੈ ਗੁਪਾਲੁ॥
-ਗੋਂਡ ਕਬ, ੧੧,੪:੧ (873)

*ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ **ਅੰਨੀ**॥
-ਸਲੋ ੧,੨੮:੧ (1412)

*ਜਿਸੁ ਕਾ **ਅਨੁ** ਧਨੁ ਸਹਜਿ ਨ ਜਾਨਾ॥
-ਆਸਾ ੧, ਅਸ ੬,੭:੧ (414)

***ਅਨਾਜ** ਮਗਉ ਸਤ ਸੀ ਕਾ॥
-ਧਨਾ ਧੰਨਾ, ੧,੧:੪ (695)

*ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ।
-ਸਿਰੀ ੧,੨,੧:੧ (14)

*ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ **ਅੰਨੁ** ਨ ਖਾਹੀ॥
-ਮਾਝ ੧, ਵਾਰ ੨੬ਸ, ੧,੧:੬ (149)

*ਮਰਕਟ ਮੁਸਟੀ **ਅਨਾਜ** ਕੀ ਮਨ ਬਉਰਾ ਰੇ ਲੀਨੀ ਹਾਥੁ ਪਾਸਾਰਿ॥

-ਗਉ ਕਬ, ੫੭,੨:੧ (336)

*ਅੰਨੈ ਬਾਹਰਿ ਜੋ ਨਰ ਹੋਵਹਿ॥

-ਗੌਂਡ ਕਬ, ੧੧,੨:੩ (873)

*ਧੰਨੁ **ਅਨਾਦਿ** ਭੂਖੇ ਕਵਲੁ ਟਹਕੇਵ॥

-ਗੌਂਡ ਕਬ, ੧੧,੧:੨ (873)

ਅਨਗਾਹ- ਅੰਨ ਗਾਹੁਣ ਵਾਲੇ ਫਲੇ, ਜਿਸ ਨਾਲ ਕਣਕ, ਜੌਂ ਆਦਿ ਜਿਨਸ ਨੂੰ ਗਾਹ ਕੇ ਅਨਾਜ ਨਿਖੇੜੀਦਾ ਹੈ।

*ਲਾਟੂ ਮਾਧਾਣੀਆ **ਅਨਗਾਹ**॥

-ਆਸਾ੧, ਵਾਰ ੫ ਸ ੧,੨:੧੭ (465)

ਅਨਰਾਗਾ- ਵੈਰਾਗੀ, ਰਾਗ ਬਿਨਾ, ਰਾਗ ਰਹਿਤ, ਉਦਾਸੀਨ, ਪ੍ਰੇਮੀ

*ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ **ਅਨਰਾਗਾ**॥

-ਸੋਰ ੧,੧੦,੨:੨ (598)

*ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ **ਅਨਰਾਗੀ**॥

-ਗਉ ਕਬ, ੪੭,੧:੧ (333)

ਅਪਸਰਾ- ਅੱਛਰਾ, ਇੰਦਰ ਦੀਆਂ ਨਰਤਕੀਆਂ, ਅਕਾਸ਼ ਵਿਚ ਰਹਿਣ ਵਾਲੀਆਂ ਦੇਵਾਂਗਨਾਂ, ਪਾਣੀ ਵਿਚੋਂ ਨਿਕਲਣ ਵਾਲੀ। ਇਨ੍ਹਾਂ ਨੇ ਕਈ ਰਿਖੀਆਂ ਦਾ ਤਪ ਭੰਗ ਕੀਤਾ ਹੈ। ਰਾਮਾਇਣ ਅਤੇ ਪੁਰਾਣਾ ਵਿਚ ਵਿਸਥਾਰ ਨਾਲ ਇਨ੍ਹਾਂ ਦਾ ਜ਼ਿਕਰ ਆਇਆ ਹੈ।

*ਹਾ ਹਾ ਹੂ ਹੂ ਗੰਧ੍ਰਬ **ਅਪਸਰਾ** ਅਨੰਦ ਮੰਗਲ ਰਸ ਗਾਵਨੀ ਨੀਕੀ॥

-ਮਲਾ ੫,੨੫,੧:੨ (1272*

ਅੰਬਰ- ਕਪੜਾ, ਵਸਤਰ, ਲਿਬਾਸ, ਸਰੀਰ ਤੇ ਪਹਿਨਣ ਵਾਲਾ ਵਸਤਰ,

*ਦੂਹ ਸਾਸਨ ਕੀ ਸਭਾ ਦ੍ਰੋਪਤੀ **ਅੰਬਰ** ਲੇਤ ਉਬਾਰੀਅਲੇ॥

-ਮਾਲੀ ਨਾਮ, ੨,੧:੨ (988)

*ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ **ਅੰਬਰਹ**॥

-ਸਸ ੫,੩੫:੨ (135

*ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ **ਅੰਬਾਰੇ**॥

-ਵਡ ੧, ਅਲਾ, ੩,੬:੧ (580)

ਅਭ- (ਫਾ.ਆਬ), ਪੀਣ ਦਾ ਪਦਾਰਥ,ਪਾਣੀ, ਜਲ, ਆਬ,
*ਬਿਨ **ਅਭ** ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥

-ਸਿਰੀ ੧,੫,੧:੩ (56)

*ਅਭੁ ਤੇਜੁ ਬਾਇ ਪ੍ਰਿਥਮੀ ਆਕਾਸਾ॥

-ਗਉ ਕਬ, ੧੮,੪:੧ (327)

*ਜਲਤ **ਅੰਭ** ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ॥

-ਗਉ ਕਬ, ੫੮,੩:੨ (336)

*ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮ ਲੇ ਤੁਝਹਿ ਕਉ ਚਾਰੇ॥

-ਧਨਾ ਰਵਿ, ੩,੧:੨ (694)

*ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ **ਅੰਭੈ ਅੰਭੁ** ਮਿਲੋਗਨੀ॥

-ਰਾਮ ੩,੩,੪:੨ (883)

*ਜਲ ਦੁਧ ਨਿਆਈ ਰੀਤਿ **ਅਬ** ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ॥

-ਆਸਾ ੫,ਛੰਤ ੪, ੧:੧ (454)

*ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ **ਅੰਭੈ** ਅੰਭ ਮਿਲੋ॥

-ਸਾਰ ੫,੩,੪:੨ (1203)

ਅਮਲੀ- ਨਸ਼ੱਈ, ਨਸ਼ਾ ਕਰਨ ਵਾਲਾ, ਨਸ਼ੇ ਵਾਲੀ ਚੀਜ਼ ਨੂੰ ਵਰਤਣ ਵਾਲਾ,
*ਰਾਮ ਰਸਾਇਣਿ ਜੋ ਰਤੇ ਨਾਨਕ ਸਚ **ਅਮਲੀ**॥

-ਆਸਾ ੫,੧੧੪,੪:੨ (399)

ਅੰਮ੍ਰਿਤ- ਰਸਦਾਇਕ ਭੋਜਨ, ਪੰਜ ਅੰਮ੍ਰਿਤ ਹਨ : ਦੁੱਧ, ਦਹੀਂ, ਘਿਉ, ਖੰਡ, ਮਾਖਿਉ, ਜੀਵ ਨੂੰ ਅਮਰ ਕਰਨ ਵਾਲੀ ਵਸਤੂ,
*ਛਤੀਹ **ਅੰਮ੍ਰਿਤ** ਭਾਉ ਏਕੁ ਜਾ ਕਉ ਨਦਰਿ ਕਰੇਇ॥

-ਸਿਰੀ ੧,੭,੧:੩ (16)

*ਜਿਹ ਪ੍ਰਸਾਦਿ ਛਤੀਹ **ਅੰਮ੍ਰਿਤ** ਖਾਹਿ॥

-ਗਉ ੫, ਸੁਖ ੬,੧:੧ (269)

*ਜਿਹ ਮੁਖਿ ਪਾਚਉ **ਅੰਮ੍ਰਿਤ** ਖਾਏ॥

-ਗਉ ਕਬ, ੩੨,੧:੧ (329)

*ਸੋਇਨ ਕਟੋਰੀ **ਅੰਮ੍ਰਿਤ** ਭਰੀ॥

-ਭੈਰ ਨਾਮ, ੩,੨:੧ (1163)

ਅਰਚਾ- ਭਗਤੀ, ਉਪਾਸ਼ਨਾ, ਸਤਿਕਾਰ, ਪੂਜਾ, ਆਰਾਧਨਾ, ਫੁੱਲ ਆਦਿ ਭੇਟਾ ਕਰਕੇ ਅਥਵਾ ਚੰਦਨ ਛਿੜਕ ਕੇ ਪੂਜਾ ਕਰਨੀ, ਆਦਰ,

*ਪੂਜਾ **ਅਰਚਾ** ਬੰਧਨ ਦੇਵਾ ਜੀਉ॥

-ਗਉ ੫,੧੬੭,੩:੨ (217)*

ਅਲੰਕਾਰ- ਗਹਿਣੇ, ਸ਼ਿੰਗਾਰ,

***ਅਲੰਕਾਰ** ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥

-ਧਨਾ ੫,੫,੩:੨ (672)

ਆਸਾ- ਇਕ ਸੰਪੂਰਨ ਜਾਤ ਦੀ ਰਾਗਨੀ; ਗੁਰੂ ਗ੍ਰੰਥ ਸਾਹਿਬ ਵਿਚ ਇਹ ਸਿਰੀ, ਮਾਝ ਤੇ ਗਉੜੀ ਤੋਂ ਬਾਅਦ ਚੌਥੇ ਸਥਾਨ ਤੇ ਆਉਂਦੀ ਹੈ, ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ।

*ਪੁਨਿ ਗਾਵਹਿ **ਆਸਾ** ਗੁਨਗੁਨੀ॥

-ਰਾਗ ੧,੫੨ (1430)

ਆਸਾਵਰੀ- ਸੰਪੂਰਨ ਜਾਤਿ ਦੀ ਇਕ ਰਾਗਨੀ, ਜੋ ਗੁਰੂ ਗ੍ਰੰਥ ਸਾਹਿਬ ਵਿਚ 'ਆਸਾ' ਰਾਗਨੀ ਵਿਚ ਰਲਾ ਕੇ ਲਿਖੀ ਗਈ ਹੈ, ਗਾਉਣ ਦਾ ਸਮਾਂ ਸੂਰਜ ਚੜ੍ਹਨ ਤੋਂ ਪਹਿਰ ਸਮੇਂ ਤਕ ਦਾ ਮੰਨਿਆ ਜਾਂਦਾ ਹੈ।

*ਗਵਰੀ ਗਾਵਹਿ **ਆਸਾਵਰੀ**॥

-ਰਾਗ ੧:੪ (1430)

ਆਹਾਰ- ਭੋਜਨ, ਖੁਰਾਕ, ਰਿਜ਼ਕ, ਪਾਲਣਾ ਕਰਨ ਵਾਲਾ,

*ਰਾਮ ਰਾਮ ਰਾਮ ਕਰਿ **ਆਹਾਰ**॥

-ਗੋਂਡ ੫,੧੦,੨:੨ (865)

*ਨਾਨਕ ਸੋ ਸਾਲਾਹੀਐ ਕਿ ਸਭਸੈ ਦੇ **ਆਹਾਰ**॥

-ਸੂਹੀ ੩, ਵਾਰ ੧੮ ਸ,੨,੨:੨ (791)

*ਕੂੜੁ ਬੋਲਿ ਕਰਹਿ **ਆਹਾਰੁ**॥

-ਆਸਾ੧, ਵਾਰ ੧੬ ਸ,੧,੨:੬ (471)

*ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ **ਆਹਾਰੇ** ਜੀਉ॥

-ਮਾਝ ੫,੩੬,੨:੩ (105)

*ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ॥

-ਰਾਮ ੧, ਸਿਗੋ ੬੦:੧ (944)

ਆਕਾਸੁ- ਆਕਾਸ਼ ਦੇ ਵਾਸੀ ਅਰਥਾਤ ਦੇਵ ਲੋਕ ਦੇ ਵਾਸੀ, ਦੇਵਤੇ

*ਤ੍ਰੈਗੁਣ ਮੋਹੇ ਮੋਹਿਆ **ਆਕਾਸੁ**॥

-ਆਸਾ ੫,੧,੩:੩ (370)

ਆਟਾ- ਪੀਸਿਆ ਹੋਇਆ ਅਨਾਜ, ਖਾਣਯੋਗ ਪਦਾਰਥ,

*ਜੈਹਰਿ **ਆਟਾ** ਲੋਨ ਜਿਉ ਸੋਨ ਸਮਾਨਿ ਸਰੀਰੁ॥

-ਸਲੋ ਕਬ, ੧੧੭:੨ (1370)

ਆਂਡਾ- ਅੰਡਾ, ਖਾਣ ਦਾ ਪਦਾਰਥ, ਉਹ ਸ਼ੈ ਜੋ ਪੰਛੀਆਂ ਤੇ ਮੱਛੀਆਂ ਆਦਿ ਧਰਤੀ ਤੇ ਰੇਂਗ ਕੇ ਚੱਲਣ ਵਾਲੇ ਜਾਨਵਰਾਂ ਦੀ ਮਦੀਨ ਦੇ ਅੰਡਕੋਸ਼ ਵਿਚੋਂ ਨਿਕਲਦੀ ਹੈ।

*ਫੂਟੋ **ਆਂਡਾ** ਭਰਮ ਕਾ ਮਨਹਿ ਭਇਓ ਪਰਗਾਸੁ॥

-ਮਾਰੂ ੫,੧੪,੧:੧ (1002)

*ਜੈਸੇ **ਆਂਡੋ** ਹਿਰਦੇ ਮਾਹਿ॥

-ਮਾਲੀ ੫,੩,੩:੩ (987)

ਆਭਰਣ- ਗਹਿਣੇ, ਭੂਸ਼ਨ, ਚਮਕ, ਪਰਕਾਸ਼, ਜਲਾਲ, ਸ਼ੋਭਾ,

*ਸਗਲ **ਆਭਰਣ** ਸੋਭਾ ਕੰਠਿ ਫੂਲ।

-ਆਸਾ ੫,੭,੩:੨ (372)

*ਜਿਹ ਪ੍ਰਸਾਦਿ **ਆਭੂਖਨ** ਪਹਿਰੀਜੈ॥

-ਗਉ ੫, ਸੁਖ ੬,੪:੧ (270)

ਆਰਸੀ- ਸ਼ੀਸ਼ਾ, ਦਰਪਣ, ਆਈਨਾ,

*ਇਹੁ ਮਨੁ **ਆਰਸੀ** ਕੋਈ ਗੁਰਮੁਖਿ ਵੇਖੈ॥

-ਮਾਝ ੩, ਅਸ ੧੦, ੪:੨ (115)

*ਕਹਾ ਸੁ **ਆਰਸੀਆ** ਮੁਹ ਬੰਕੇ ਐਥੇ ਦਿਸਹਿ ਨਾਹੀ॥

-ਆਸਾ ੧, ਅਸ ੧੨,੧:੩ (417)

ਆਰਤੀ- ਰਾਤ ਸਮੇਂ ਪੂਜਜ ਅਗੇ ਦੀਵੇ ਫੇਰਨੇ, ਭਜਨ ਜਾਂ ਗੀਤ,

*ਕੈਸੀ **ਆਰਤੀ** ਹੋਇ ਭਵਖੰਡਨਾ ਤੇਰੀ ਆਰਤੀ॥

-ਧੰਨਾ ੧, ਸੋਹ ੩,੧:੧:੨ (13)

ਇਸਨਾਨ- ਨਹਾਉਣ ਦੀ ਕਿਰਿਆ, ਨਹਾਉਣਾ, ਪਾਣੀ ਵਿਚ ਡੁਬਕੀ ਲਾਣੀ, ਪਾਣੀ ਨਾਲ ਸਰੀਰ ਨੂੰ ਸਾਫ਼ ਜਾਂ ਧੋਣ ਦੀ ਕਿਰਿਆ, ਗੁਸਲ (ਮੁਸਲਮਾਨੀ)

*ਕੋਟਿ ਮਜਨ ਕੀਨੋ **ਇਸਨਾਨ**॥

–ਗਉ ੫, ੧੧੧*, ੧:੧ (202)

*ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥

–ਜੈਤ ੫ ਵਾਰ ਪਸ, ੫,੧:੧ (706)

*ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥

–ਮਾਰੂ ੧, ਵਾਰ ੨੬ ਸ, ੧,੧:੧੩ (150)

*ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ॥

–ਗੂਜ ੫, ਅਸ ੧, ੬:੨ (507)

*ਪੂਜਾ ਤਿਲਕੁ ਤੀਰਥ **ਇਸਨ੍ਹਾਨਾ**॥

–ਮਝ ੫,੧੨,੨:੨ (98)

*ਪੂਜਾ ਤਿਲਕ ਕਰਤ **ਇਸਨਾਨਾਂ**॥

–ਗਉ ੫,੧੦੭*, ੨:੧ (201)

*ਗਿਆਨ ਧਿਆਨ ਤੀਰਥ **ਇਸਨਾਨੀ**॥

–ਗਉ ੫,ਬਾਅ ੧੬:੩ (253)

*ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥

–ਗਉ ੫, ਸੁਖ ੧,੩:੫ (262)

*ਸੁਣਿਐ ਅਠਸਠਿ ਕਾ **ਇਸਨਾਨੁ**॥

–ਜਪੁ, ੧, ੧੦:੨ (3)

*ਪ੍ਰਾਗ **ਇਸਨਾਨੇ**॥

–ਗੋਂਡ ਨਾਮ, ੧,੧:੩ (873)

*ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ **ਇਸਨਾਨੈ**॥

–ਧਨਾ ੫, ਅਸ ੧, ੪:੨ (687)

*ਸੰਧਿਆ ਪ੍ਰਾਤ **ਇਸਨਾਨ** ਕਰਹੀ॥

–ਗਉ ਕਬ, ੫, ੧:੧ (324)

ਇਜਾਰਾ– (ਅ. ਇਜ਼ਾਰ) ਪਾਜਾਮਾ, ਸਲਵਾਰ, ਸੁੱਥਣ, ਘੁਟੰਨਾ

*ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ **ਇਜਾਰਾ**॥

–ਭੈਰ ਨਾਮ, ੧, ੨:੨ (1167)

ਇਟ- ਆਵੇ ਵਿਚ ਪੱਕੀ ਹੋਈ ਮਿੱਟੀ, ਮਿੱਟੀ ਦੀ ਆਇਤਾਕਾਰ ਆਕਾਰ ਦੀ ਵਸਤੂ ਜਿਸ ਨੂੰ ਅਗਨੀ ਵਿਚ ਪਕਾ ਕੇ ਅਥਵਾ ਕੱਚਿਆਂ ਹੀ ਭਵਨ ਜਾਂ ਹੋਰ ਉਸਾਰੀ ਲਈ ਵਰਤਿਆ ਜਾਂਦਾ ਹੈ।

*ਫਰੀਦਾ **ਇਟ** ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥

-ਸਲੋ ਫਰ ੬੭:੧ (1381)

*ਮਤਿ ਕੋਊ ਮਾਰੈ **ਈਂਟ** ਢੇਮ॥

*-ਬਸੰ ਕਬ, ੧,*੪:੨ (1196)*

ਈਟੀ- ਦੁੱਧ ਰਿੜਕਣ ਵਾਲੇ ਨੇਤਰੇ ਦੇ ਦੋਹਾਂ ਸਿਰਿਆਂ ਤੇ ਲੱਗੀਆਂ ਗੁੱਲੀਆਂ, ਕਾਠ ਦੀ ਗੁੱਲੀ ਜੋ ਵਿਚਕਾਰੋਂ ਮੋਟੀ ਹੁੰਦੀ ਹੈ, ਮਧਾਣੀ, ਗੁੱਲੀ।

*ਇਹੁ ਮਨੁ **ਈਟੀ** ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥

-ਸੂਹੀ ੧,੧,੨:੧ (728)

ਈਂਧਣ- ਲੱਕੜੀਆਂ,ਬਾਲਣ, ਅੱਗ ਬਾਲਣ ਦੀ ਸਮੱਗਰੀ

*ਜਿਮੀ ਵਸੰਦੀ ਪਾਣੀਐ **ਈਧਣੁ** ਰਖੈ ਭਾਹਿ॥

-ਗੂਜ ੫, ਵਾਰ ੧੧ਸ, ੫, ੨:੧ (521)

*ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ॥

-ਮਾਰੂ ੫, ਸੋਲ ੧,੧:੩ (1071)

ਈਧਨ ਤੇ ਬੈਸੰਤਰੁ ਭਾਗੈ॥

-ਰਾਮ ੫, ੫੪, ੧:੧ (900)

*ਜਿਉ ਪਾਵਕੁ **ਈਧਨਿ** ਨਹੀ ਧ੍ਰਾਪੈ॥

-ਗਉ ੫, ਸੁਖ ੧੩, ੬:੪ (280)

*ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ॥

-ਸੋਰ ੧, ਅਸ ੪, ੧੦ :੧ (637)

ਸਉਦਾ- (ਫਾ.ਸਉਦਾ) ਲੈਣ-ਦੇਣ, ਖਰੀਦ ਫਰੋਖਤ, ਵਣਜ ਵਪਾਰ, ਖਰੀਦਣ ਜਾਂ ਵੇਚਣ ਦਾ ਭਾਵ

*ਨਿਤ **ਸਉਦਾ** ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ॥

-ਗਉ ੪, ੪੮, ੩:੧ (166)

*ਗੁਰਮੁਖਿ **ਸਉਦਾ** ਜੋ ਕਰੇ ਹਰਿ ਵਸਤੁ ਸਮਾਲੇ॥

-ਗਉ ੪, ਵਾਰ ੧੫:੪ (309)

*ਕਾਚੀ **ਸਉਦੀ** ਤੋਟਾ ਆਵੈ॥

–ਮਾਰੂ ੧, ਸੋਲਾ ੧੨,੧੦:੧ (1032)

*ਸਗਲੀ **ਸਉਂਦੀ** ਤੋਟਾ ਆਵੈ॥

–ਆਸਾ ੧,੨੪,੫:੧ (356)

***ਸਉਦੇ** ਕਉ ਧਾਵੈ ਬਿਨੁ ਪੂੰਜੀ॥

–ਗਉ ੫, ੧੬੦,੩:੨ (198)

*ਲੈ ਤੁਰੇ **ਸਉਦਾਗਰੀ** ਸਉਦਾਗਰ ਧਾਵੈ॥

–ਗਉ ੪,੪੭,੨:੧ (166)

*ਸੁਣਿ ਸਾਸਤ **ਸਉਦਾਗਰੀ** ਸਤੁ ਘੋੜੇ ਲੈ ਚਲੁ॥

–ਸੋਰ ੧,੨,੩:੧ (595)

ਸਉਦਾਗਰੁ (ਫ਼:ਸਉਦਾਗਰ) ਵਪਾਰੀ, ਸੌਦਾ ਕਰਨ ਵਾਲਾ, ਤਜਾਰਤ ਕਰਨ ਵਾਲਾ, ਹੋਰ ਵੇਖੋ 'ਸਉਦਾ'

*ਲੈ ਤੁਰੇ **ਸਉਦਾਗਰੀ** ਸਉਦਾਗਰੁ ਧਾਵੈ॥

–ਗਉ ੪,੪੭,੨:੧ (166)

ਸਉੜਿ- ਸੌਣ ਸਮੇਂ ਉਪਰ ਲੈਣ ਵਾਲਾ ਕੱਪੜਾ, ਤੰਗ, ਭੀੜੀ, ਭੀੜਾ

*ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ **ਸਉੜਿ** ਪਲੰਘੁ॥

–ਮਲਾ ੧, ਵਾਰ ੧੩ਸ, ੧,੧:੨ (1288)

ਸਈਆਦ- (ਅ.ਸੱਯਾਦ) ਸ਼ਿਕਾਰ ਕਰਨ ਵਾਲਾ, ਸ਼ਿਕਾਰੀ, ਜ਼ਾਲਮ, ਜਲਾਦ

*ਰੰਨਾ ਹੋਈਆਂ ਬੋਧੀਆ ਪੁਰਸ ਹੋਏ **ਸਈਆਦ**॥

–ਸਾਰ ੪, ਵਾਰ ੧੪ਸ,੧,੨:੧ (1242)

ਸਸਤ੍ਰਿ- ਹਥਿਆਰ, ਕੱਟਣ ਦਾ ਸੰਦ, ਅਸਲਾ, ਹਥਿਆਰ, ਤਲਵਾਰ

***ਸਸਤ੍ਰਿ** ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥

–ਮਾਰੂ ੫, ਅਸ ੩,੧:੧ (1017)

ਸਹਨਕ- (ਸੰ.ਫ.ਸਹਨਕ) ਪਲੇਟ, ਤਸ਼ਤਰੀ, ਥਾਲੀ, ਅੰਡਕਾਰ ਬਰਤਨ, ਰਕੇਬੀ, ਕੁਨਾਲੀ

*ਭਾਰ ਅਠਾਰਹ ਮੁਦਗਰੁ ਤੇਰਾ **ਸਹਨਕ** ਸਭ ਸੰਸਾਰਾ॥

–ਭੈਰ ਨਾਮ, ੧੨:੨ (1167)

ਸਹਨਾਈ- (ਫਾ.ਸ਼ਹਿਨਾਈ)ਤੂਤੀ, ਨਫ਼ੀਰੀ, ਸਰਨਾ

*ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ **ਸਹਨਾਈ**॥

-ਆਸਾ ੧, ਅਸ ੧੨, ੧:੧ (417)

ਸਕਤਿ- ਬਰਛੀ, ਸੈਹਥੀ, ਤਾਕਤ ਸ਼ਕਤੀ, ਜ਼ੋਰ, ਬਲ

*ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ **ਸਕਤਿ** ਬਿਦਾਰਿ॥

-ਸਵ ੨,੪:੩ (1391)

ਸੰਗਲ- ਜੰਜੀਰ, ਲੋਹੇ ਦੀ ਰਸੀ ਜਿਹੀ, ਸੰਗਲੀ,

*ਨਾ ਸਤਿ ਹਸਤੀ ਬਧੇ **ਸੰਗਲ** ਨਾ ਸਤਿ ਗਾਈ ਘਾਹੁ ਚਰਹਿ॥

-ਰਾਮ ੩, ਵਾਰ ੧੨ ਸ,੧,੧:੪ (952)

*ਜਮ ਰਾਜੇ ਕੇ ਹੇਰੂ ਆਏ ਮਾਇਆ ਕੈ **ਸੰਗਲਿ** ਬੰਧਿ ਲਇਆ॥

-ਆਸਾ ੧, ਪਟੀ ੫ :੨ (432)

*ਜਮ ਡੰਡਾ ਗਲਿ **ਸੰਗਲੁ** ਪੜਿਆ ਭਾਗਿ ਗਏ ਸੇ ਪੰਚ ਜਨਾ॥

-ਗਉ ੧, ੧੪,੩:੨ (155)

ਸੰਗੀਤ- ਰਾਗ ਰੰਗ, ਰਾਗ ਗਾਇਨ, ਗਾਉਣ, ਸਾਜ਼ ਅਤੇ ਨਾਚ ਨਾਲ ਗਾਉਣ ਦੀ ਕਲਾ

*ਬਹੁ ਭੋਜਨ ਕਾਪਰ **ਸੰਗੀਤ**॥

-ਗਉ ੫, ਸੁਖ ੨੦, ੮:੫ (290)

*ਅਨਿਕ ਧੁਨਿਤ ਲਲਿਤ **ਸੰਗੀਤ**॥

-ਸਾਰ ੫,ਅਸ ੧, ੧੦: ੩ (1236)

*ਦਸ ਪਾਤਉ ਪੰਦ **ਸੰਗੀਤਾ** ਏਕੈ ਭੀਤਰਿ ਸਾਥੇ॥

-ਰਾਮ ੫,੭,੩:੨ (884)

ਸੰਗ੍ਰਾਮੰ- ਯੁੱਧ, ਲੜਾਈ, ਜੰਗ, ਰਣ

*ਹੇ ਅਜਿਤ ਸੂਰ **ਸੰਗ੍ਰਾਮੰ** ਅਤਿ ਬਲ ਨਾ ਬਹੁ ਮਰਦਨਹ॥

-ਸਸ ੫,੪੫,੧ (1358)

*ਲਖ ਸੂਤਰਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥

-ਆਸਾ ੩, ਵਾਰ ੯ਸ, ੧,੨:੩ (467)

*ਇਹੁ ਮਨੁ ਰਾਜਾ ਸੂਰ **ਸੰਗ੍ਰਾਮਿ**॥

-ਆਸਾ ੧, ਅਸ ੮,੬:੧ (415)

ਸਚਾ- ਕਾਲਬ, ਸਾਂਚਾ ਜਿਸ ਵਿਚ ਕੋਈ ਚੀਜ਼ ਢਾਲੀ ਜਾਂਦੀ ਹੈ, ਠੱਪਾ,ਨਿਸ਼ਾਨ

*ਅੰਧਾ **ਸਚਾ** ਅੰਧੀ ਸਟ॥

-ਗਉ ੧,੧,੨:੪ (151)

ਸੰਜੋਉ- ਜ਼ਰਹ ਬਖ਼ਤਰ, ਲੜਾਈ ਸਮੇਂ ਸਰੀਰ ਨੂੰ ਬਚਾਉਣ ਵਾਲੀ ਲੋਹੇ ਦੀਆਂ ਤਾਰਾਂ ਦੀ ਬਣੀ ਪੁਸ਼ਾਕ, ਕਵਚ

*ਸਤਿਗੁਰੂ ਕਾ ਖੜਗੁ **ਸੰਜੋਉ** ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥

-ਗਉ ੪, ਵਾਰ ੨੧ ਸ, ੪,੨:੩ (312)

ਸਤਰੰਜ- (ਅ.ਸ਼ਤਰੰਜ) ਚੌਸਾਰ, ਇਕ ਮਸ਼ਹੂਰ ਖੇਡ, ਸੋਚ ਵਿਚਾਰ ਕੇ ਖੇਡੀ ਜਾਣ ਵਾਲੀ ਖੇਡ, ਖਾਨਿਆਂ ਦੀ ਬਸਾਤ ਉਪਰ ੩੨ ਮੋਹਰਿਆਂ ਨਾਲ ਖੇਡੀ ਜਾਣ ਵਾਲੀ ਖੇਡ

***ਸਤਰੰਜ** ਬਾਜ਼ੀ ਪਕੈ ਨਾਹੀ ਕਚੀ ਆਵੈ ਸਾਰੀ॥

-ਆਸਾ ੧,੩੬, ੩:੨ (359)

ਸਦਰੰਗ- ਪੱਕਾ ਰੰਗ

*ਤੇਰਾ ਏਕੋ ਨਾਮੁ ਮਜੀਠੜਾ ਰਤਾ ਮੇਰਾ ਚੋਲਾ **ਸਦਰੰਗ ਢੋਲਾ**॥

-ਸੂਹੀ ੧,੨,੧:੧ (729)*

ਸੰਦੂਰ- ਇਕ ਰੰਗ, ਸੁਹਾਗ ਦੀ ਨਿਸ਼ਾਨੀ, ਜੋ ਸੁਹਾਗਨਾਂ ਚੀਰ ਵਿਚ ਪਾਂਦੀਆਂ ਹਨ ਤੇ ਕਈ ਹਿੰਦੂ ਮੱਥੇ ਪੁਰ ਲਾਉਂਦੇ ਹਨ, ਸ਼ਿੰਗਰਾਫ, ਇਸ ਦਾ ਰੰਗ ਲਾਲ ਹੁੰਦਾ ਹੈ।

*ਬਸੰਤੀ ਸੰਦੂਰ ਸੁਹਾਈ॥

-ਰਾਗ ੧:੨੬ (1430)

*ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ **ਸੰਧਉਰਾ**॥

-ਗਉ ੨੪,੬੮,੧:੨ (338)

ਸੰਧਿ- ਸੰਗਤਿ, ਪਾਠ ਪੂਜਾ, ਉਹ ਪਾਠ ਪੂਜਾ ਜੋ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਕੀਤੀ ਜਾਂਦੀ ਹੈ।

*ਗੁਰਮੁਖ ਸੰਧਿ ਮਿਲੈ ਮਨੁ ਮਾਨੈ॥

-ਗਉ ੧, ਅਸ ੧੬,੭:੨ (228)

*ਬਰਤ ਸੰਧਿ ਸੋਚ ਚਾਰ॥

–ਸਾਰ ੫,੧੩੧, ੨:੧ (1229)

*ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ॥

–ਸੋਰ ੩, ੧੦, ੨:੨ (603)

ਸੰਧਿਕ– ਚੋਰ, ਡਾਕੂ, ਚੋਰੀ ਕਰਨ ਵਾਲਾ ਆਦਮੀ,

*ਸੰਧਿਕ ਤੋਹਿ ਸਾਧ ਨਹੀਂ ਕਹੀਅਉ ਸਰਨਿ ਪਰੇ ਤੁਮਰੀ ਪਗਰੀ॥

–ਬਿਲਾ ਕਬ, ੬,੨:੧ (856)

ਸੰਧੂਰੁ– ਹਲਦੀ ਆਉਲਾ ਮਿਲਾਕੇ ਬਣਾਇਆ ਇਕ ਲਾਲ ਰੰਗ ਜੋ ਸੁਹਾਗਣ ਆਪਣੇ ਚੀਰ ਵਿਚ ਸੁਹਾਗ ਦੀ ਨਿਸ਼ਾਨੀ ਵਜੋਂ ਪਾਉਂਦੀਆਂ ਹਨ। ਵੇਖੋ ਹੋਰ 'ਸੰਦੂਰ'

*ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ॥

–ਸਿਰੀ ੧,੧੩,੪:੧ (19)

* ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ॥

–੧੩੧, ੩, ੧:੧੧ (558)

ਸੰਨਿ– ਨਕਬ, ਪਾੜ, ਚੋਰੀ ਲਈ ਕੰਧ ਵਿਚ ਲਾਇਆ ਪਾੜ

*ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥

–ਸਿਰੀ ੧,੨੪,੪:੧ (23)

*ਪੰਚ ਚੋਰ ਤਿਨਾ ਘਰੁ ਮੁਹਨਿ੍ ਹਉਮੈ ਅੰਦਰਿ ਸੰਨਿ॥

–ਬਿਲਾ੪, ਵਾਰ੧੨ਸ, ੩,੧:੨ (854)

*ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ

–ਸਾਰ੪, ਵਾਰ ੨੬ਸ,੩,੧:੨ (1247)

ਸੰਪਉ– ਸਮੱਗਰੀ, ਧਨ, ਦੌਲਤ, ਮਾਲ, ਪਦਾਰਥ

*ਸੰਪਉ ਸੰਚੀ ਭਏ ਵਿਕਾਰ॥

–ਗਉ ੧, ਅਸ ੩,੫:੧ (222)

ਸੰਪਟ– ਕੂੰਜਾ, ਡੱਬਾ, ਰਤਨਪੇਟੀ, ਡੱਬਾ ਜਿਸ ਵਿਚ ਸਾਲਗ੍ਰਾਮ ਰੱਖਦੇ ਹਨ। ਇਕ ਕੂੰਜੇ ਵਿਚ ਬੰਦ ਕਰਕੇ ਜਾਂ ਗਿਲ ਹਿਕਮਤ ਕਰ ਕੇ ਕੋਈ ਧਾਤ ਮਾਰਨ ਦੀ ਵੈਦਕ ਵਿਧੀ।

*ਸਸਿ ਬਿਗਾਸ **ਸੰਪਟ** ਨਹੀਂ ਆਵਾ॥

-ਗਉ ਕਬ, ਬਾਅ ੭:੨ (340)

*ਘਟਿ ਘਟਿ **ਸੰਪਟੁ** ਹੈ ਰੇ ਜਾ ਕਾ॥

-ਆਸਾ ੫,੯੦,੩:੧ (393)

ਸਪੀਅਲ- ਪੀਲੇ ਰੰਗ ਦੇ, ਦੁੱਧ ਜਿਸ ਵਿਚੋਂ ਘੀ ਨਿਕਲਦਾ ਹੈ,

*ਤੁਮ ਮਖਤੂਲ ਸੁਪਦੇ **ਸਪੀਅਲ** ਹਮ ਬਪੁਰੇ ਜਸ ਕੀਰਾ॥

-ਆਸਾ ਰਵਿ, ੩,੨:੧ (486)

ਸਮਗਰੀ- ਸਾਮਾਨ, ਚੀਜ਼ ਵਸਤੂ, ਚੀਜ਼ਾਂ, ਵਸਤ ਵੇਲਵਾਂ, ਪੂਜਾ ਆਦਿਕ ਵਿਚ ਲੋੜੀਦੀਆਂ ਚੀਜ਼ਾਂ।

*ਪੂਰਨ ਭਈ **ਸਮਗਰੀ** ਕਬਹੂ ਨਹੀਂ ਤੂਟ॥

-ਬਿਲਾ ੫, ੬੨,੧:੨ (816)*

*ਇਕਸੈ ਦੀ ਸਮਗਰੀ ਇਕਸੈ ਦੀ ਹੈ ਰੀਤਿ॥

-ਸਿਰੀ ੫, ੭੫,੪:੨ (44)

*ਸਗਲ **ਸਮਗਰੀ** ਜਾ ਕਾ ਤਨਾ॥

-ਗਉ ੫, ਸੁਖ ਕ੩, ੬:੩ (294)

ਸਮਧਾ- ਬਾਲਣ, ਲੱਕੜੀਆਂ, ਕਾਠ, ਯੱਗ ਵਿਚ ਵਰਤਣ ਵਾਲੀਆਂ ਲੱਕੜੀਆਂ

*ਤਨੁ ਮਨੁ **ਸਮਧਾ** ਜੇ ਕਰੀ ਅਨਦਿਨੁ ਅਗਨਿ ਜਲਾਹਿ॥

*- *ਸਿਰੀ ੧, ੧੪,੨:੨ (62)*

*ਸਾਦ ਕਰਿ **ਸਮਧਾਂ** ਤ੍ਰਿਸਨਾ ਘਿਉ ਤੇਲੁ॥

-ਮਲਾ ੧,੮,੩:੧ (1257)

*ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ॥

-ਬਿਲਾ ੪, ਵਾਰ ੯ਸ, ੩,੧:੧੦ (852)

ਸਮਾਨਾ- ਸ਼ਾਮਿਆਨਾ, ਚੰਦੋਆ, ਰਾਜਗੀਰੀ ਦਾ ਨਿਸ਼ਾਨ, ਸਾਯਬਾਨ

*ਊਚ **ਸਮਾਨਾ** ਠਾਕੁਰ ਤੇਰੋ ਅਵਰ ਨ ਕਾਹੂ ਤਾਨੀ॥

-ਟੋਡੀ ੫, ੧, ੧: ੧ (711)

ਸਰਾਫ਼- (ਅ.ਸਰਾਫ) ਰੁਪੈ ਆਦਿ ਦੀ ਪਰਖ ਕਰਨ ਵਾਲਾ, ਰੁਪੈ ਪੈਸੇ ਦਾ ਅਦਲ-ਬਦਲ ਕਰਨ ਵਾਲਾ, ਸੋਨੇ ਚਾਂਦੀ ਆਦਿ ਦਾ ਪਾਰਖੂ,

*ਇਹੁ ਤਨੁ ਹਾਟੁ **ਸਰਾਫ** ਕੋ ਭਾਈ ਵਖਰੁ ਨਾਮੁ ਅਪਾਰੁ॥

-ਸੋਰ੧,ਅਸ੨,੮:੧ (636)

*ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ **ਸਰਾਫਾ** ਆਇਆ॥

-ਆਸਾ ੫,੪੨,੩:੧ (381)

*ਪਰਖਿ ਖਜਾਨੈ ਪਾਇਆ **ਸਰਾਫੀ** ਫਿਰਿ ਨਾਹੀ ਤਾਈਜਾ ਹੇ॥

-ਮਾਰੂ ੫, ਸੋਲਾ ੩,੧੬:੩ (1074)

*ਜਾ ਸਤਿਗੁਰੁ **ਸਰਾਫੁ**-ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ॥

-ਗਉ ੪, ਵਾਰ ੭ ਸ, ੪,੧:੫ (303)

ਸਰਿ- ਤੀਰ, ਬਾਣ,

*ਪ੍ਰੇਮ ਧਨੁਖ ਕਰ ਗਹਿਓ ਭਗਤ ਸੀਲਹ **ਸਰਿ** ਲੜਿਆਉ॥

-ਸਵ ੩,੨੧:੨ (1396)

*ਸਰੁ ਸੰਧੇ ਆਗਾਸ ਕਉ ਪਹੁਚੈ ਬਾਣੂ॥

-ਮਾਝ੧, ਵਾਰ ੨੨ਸ, ੨,੨:੬ (148)

*ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ॥

-ਕੇਦਾ ੫,੮,੨:੧ (1121)

*ਪ੍ਰੇਮ ਕੇ **ਸਰ** ਲਾਗੇ ਤਨ ਭੀਤਰਿ ਤਾ ਭ੍ਰਮੁ ਕਾਇਆ ਜਾਈ॥

-ਸੋਰ ੪,੯,੧:੨ (607)

ਸਰੀਅਤਿ- (ਅ.ਸ਼ਰੀਅਤ)ਧਰਮ ਦੇ ਆਗੂ ਦੀ ਥਾਪੀ ਹੋਈ ਰੀਤ, ਕੁਰਾਨ ਸ਼ਰੀਫ਼ ਅਨੁਸਾਰ ਦੱਸੇ ਮਾਰਗ ਦੀ ਰੁਹਰੀਤ ਮੁਸਲਮਾਨੀ ਕਾਨੂੰਨ ਧਰਮ ਦਾ ਰਸਤਾ, ਮਾਰਗ, ਰਾਹ।

*ਸਰੈ **ਸਰੀਅਤਿ** ਕਰਹਿ ਬੀਚਾਰੁ॥

-ਸਿਰੀ ੪, ਵਾਰ ੪ਸ, ੧,੧:੫ (84)

*ਮੁਸਲਮਾਨਾ ਸਿਫਤਿ **ਸਰੀਅਤਿ** ਪੜਿ ਪੜਿ ਕਰਹਿ ਬੀਚਾਰੁ॥

-ਆਸਾ੧, ਵਾਰ੬ਸ, ੧,੧:੧ (465)

ਸਲਲ- ਪਰਵਾਹ, ਪਾਣੀ ਦਾ ਵਹਾਉ, ਪਾਣੀ, ਜਲ਼, ਪੀਣ ਦਾ ਪਦਾਰਥ।

*ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ **ਸਲਲ** ਸਮਾਇ॥

-ਸਿਰੀ ੧,ਕਨ, ੨:੩ (22)

*ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ **ਸਲਲਿ** ਸੰਮਾਨਿ ਆਇਆ॥

-ਮਾਰੂ ਜੈਦੇਵ ੧, ੨:੧ (1106)

*ਇਹੁ ਤਨੁ ਧਰਤੀ ਬੀਜੁ ਕਰਮਾ ਕਰੋ **ਸਲਿਲ** ਆਪਾਉ ਸਾਰਿੰਗ ਪਾਣੀ॥

-ਸਿਰੀ ੧,੨੬, ੧:੩ (23)

*ਹਰਿ ਹਰਿ ਅਗਮ ਅਗੋਚਰੁ ਸੁਆਮੀ ਜਨ ਜਪਿ ਮਿਲਿ ਸਲਲ **ਸਲਲੇ**॥

-ਨਟ ੪,੨,੧:੧ (975)

*ਆਪੁ ਗਇਆ ਸੁਖੁ ਪਾਇਆ ਮਿਲਿ **ਸਲਲੈ** ਸਲ਼ਲ ਸਮਾਇ॥

-ਸਿਰੀ ੧, ੨੨, ੨:੩ (22)

ਸਲ੍ਯ- ਇਕ ਭੱਟ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ: ਕੇਵਲ ਦੋ ਸਵਯੇ ਹਨ ਇਕ ਗੁਰੂ ਅਮਰਦਾਸ ਅਤੇ ਇਕ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ।

*ਗੁਰੂ ਰਾਮਦਾਸ ਸਚੁ **ਸਲੁ** ਭਣਿ ਤੂ ਅਟਲੁ ਰਾਜਿ ਅਭਗੁ ਦਲਿ॥

-ਸਵ ੪, ਸਲ, ੧:੬ (1406)

ਸਾਹ- ਸ਼ਾਹ, ਸ਼ਾਹੂਕਾਰ, ਸੁਦਾਗਰ, ਧਨੀ, ਵਪਾਰੀ, ਸੇਠ, ਹਟਵਾਣੀਆ,

*ਸਾਹ ਮਰਹਿ ਸੰਚਹਿ ਮਾਇਆ ਦਾਮ॥

-ਗਉ ੧, ਅਸ ੧੪, ੪:੨ (227)

ਸਾਕਰ- (ਫਾ.ਸ਼ਾਕਿਰ) ਸ਼ੱਕਰ, ਮਿੱਠਾ ਪਦਾਰਥ

*ਜਿਉ ਗੂੰਗੇ **ਸਾਕਰ** ਮਨੁ ਮਾਨਿਆ॥

-ਗਉ ਕਬ ੧੮,੧:੪ (327)

***ਸਾਕਰ** ਮਾਖੀ ਅਧਿਕ ਸੰਤਾਪੇ॥

-ਭੈਰ ਕਬ, ੧੩, ੨:੨ (1160)

ਸਾਂਕਲ- ਸੰਗਲ, ਜੰਜੀਰ, ਇਕ ਤਰ੍ਹਾਂ ਦਾ ਗਹਿਣਾ

***ਸਾਂਕਲ** ਜੇਵਰੀ ਲੈ ਹੈ ਆਈ॥

-ਗਉ ਕਬ, ੩੦,੧:੨ (329)

ਸਾਖਤਿ- (ਫਾ.ਸਾਖ਼ਤ) ਦੁੰਮਚੀ, ਘੋੜੇ ਦੀ ਦੁੰਮ ਨਾਲ ਬੰਨਿਆ ਸਾਜ਼ ਜੋ ਕਾਠੀ ਨਾਲ ਬੱਧਾ ਹੁੰਦਾ ਹੈ।

*ਘੋੜੇ ਪਾਖਰ ਸੁਇਨੇ **ਸਾਖਤਿ** ਬੂਝਣੁ ਤੇਰੀ ਵਾਟ॥

-ਸਿਰੀ ੧,੭,੩:੧ (16)

*ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ॥

-ਆਸਾ ੧, ਵਾਰ ੨੩:੨ (475)

ਸਾਂਗ- ਬਰਛੀ, ਨੋਕਦਾਰ ਸ਼ਸਤਰ, ਨੇਜ਼ਾ, ਬਰਛਾ

*ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥

-ਸਿਰੀ ੧,੭,੩:੨ (16)

*ਨਿੰਦਕ ਕਉ ਲਾਗੈ ਦੁਖ **ਸਾਂਗੈ**॥

-ਭੈਰ ੫,੫੪,੩:੨ (1152)

ਸਾਜਾ- (ਫਾ.ਸਾਜ) ਸਾਜ਼, ਵਾਜਾ, ਰਾਗ ਦੇ ਵਾਜੇ, ਸਰੰਗੀ, ਤਬਲਾ, ਆਦਿ

*ਨਿਰਤਿ ਕਰੇ ਕਰਿ ਮਨੂਆ ਨਾਚੈ ਆਵੈ ਘੂਘਰ **ਸਾਜਾ**॥

-ਰਾਮ ੫, ੭,੧:੩ (884)

*ਗਾਵੈ ਕੋ ਸਾਜਿ ਕਰੇ ਤਨੁ ਖੇਹ॥

-ਜਪ ੧,੩:੫ (2)

ਸਾਣ- (ਫਾ.ਫਸਾਨ) ਸਿਕਲੀਗਰ ਦਾ ਚੱਕਰ ਜਿਸ ਉਪਰ ਹਥਿਆਰ ਤੇਜ਼ ਕੀਤੇ ਜਾਂਦੇ ਹਨ, ਚਾਕੂ ਛੁਰੀ ਆਦਿ ਦੀ ਧਾਰ ਤੇਜ਼ ਕਰਨ ਵਾਲਾ ਪੱਥਰ

*ਸਬਦੇ **ਸਾਣ** ਰਖਾਈ ਲਾਇ॥

-ਰਾਮ ੩, ਵਾਰ ੧੯ਸ,੧,੨,੩ (956)

ਸਾਬੁਨਿ- (ਅ.ਸਾਬੂਨ) ਤੇਲ ਅਤੇ ਸੱਜੀ ਆਦਿ ਦੀ ਬਣੀ ਹੋਈ ਵਸਤੂ ਜਿਸ ਨਾਲ ਸਰੀਰ ਤੇ ਕੱਪੜੇ ਦੀ ਮੈਲ ਦੂਰ ਹੁੰਦੀ ਹੈ : ਸਾਬਣ।

*ਜਿਉ **ਸਾਬੁਨਿ** ਕਾਪਰ ਊਜਲ ਹੋਤ॥

-ਰਾਮ ੫, ਅਸ ੪,੫,੩ (914)

*ਮੈਲੂ ਕੀਨੋ **ਸਾਬੁਨੁ** ਸੂਧੁ॥

-ਰਾਮ ੫, ੫੪,੨:੨ (900)

*ਦੇ **ਸਾਬੂਣੁ** ਲਈਐ ਓਹੁ ਧੋਇ॥

-ਜਪੁ ੧, ੨੦:੪ (4)

*ਕਕੈ ਕੇਸ ਪੁੰਡਰ ਜਬ ਹੂਏ ਵਿਣੁ **ਸਾਬੂਣੈ** ਉਜਲਿਆ॥

-ਆਸਾ ੧, ਪਟੀ, ੫:੧ (432)

ਸਾਲਣੇ- ਨਮਕੀਨ ਭਾਜੀ, ਸਲੂਣਾ, ਰੋਟੀ ਨਾਲ ਖਾਣ ਨੂੰ ਰਿਧੀ ਪੱਕੀ ਚੀਜ਼, ਦਾਲ ਜਾਂ ਭਾਜੀ।

*ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥

-ਸਲੋ ੩, ੧੨:੨ (1413)

ਸਿਆਹਹੁ- ਕਾਲੇ ਤੋਂ (ਸਿਯਾ.ਫ਼) ਕਾਲਾ ਰੰਗ

*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥

-ਮਾਝ ੫, ਬਾਰਾ ੭, ੬ (134)

*ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ॥

-ਗੂਜ ੩, ਵਾਰ ੫ਸ, ੩,੧:੪ (510)

ਸਿਹਜ- ਬਿਸਤਰਾ, ਮੰਜੀ, ਖਾਟ, ਜਿਸ ਉਤੇ ਸੁੱਤਾ ਜਾਵੇ, ਸੇਜਾ

*ਜਉ ਗੁਰਦੇਉ **ਸਿਰਜ** ਨਿਕਸਾਈ॥

-ਭੈਰ ਨਾਮ, ੧੧, ੬:੪ (1167)

ਸਿਰਜਾ- ਪੈਦਾ ਕਰਨ ਵਾਲੀ ਤਾਕਤ, ਮੰਜੀ, ਵੇਖੋ ਸਿਹਜ

*ਸਿਹਜਾ ਧਰਤਿ ਬਰਤਨ ਕਉ ਪਾਨੀ॥

-ਪ੍ਰਭ ੫,੧,੧:੩ (1337)

ਸਿਹਰੁ- (ਅ. ਸਹਿਰ) ਜਾਦੂ, ਇੰਦਰ ਜਾਲ, ਮੰਤਰ, ਟੂਣਾ

*ਇਹ ਜੁ ਦੁਨੀਆਂ **ਸਿਹਰੁ** ਮੇਲਾ ਦਸਤਗੀਰੀ ਨਾਹਿ॥

-ਤਿਲੰ ਕਬ, ੧,੧*:੨ (727)

ਸਿੰਗਾਰ- ਆਭੂਸ਼ਨ, ਗਹਿਣੇ, ਸ਼ੋਭਾ ਵਧਾਉਣ ਦੇ ਸਾਧਨ, ਸਜਾਵਟ, ਗਹਿਣੇ-ਕੱਪੜੇ

*ਸਭ **ਸਿੰਗਾਰ** ਬਣੇ ਤਿਸੁ ਗਿਆਨੇ॥

-ਮਾਝ, ੫, ੧੧,੩:੨ (97)

*ਪਿਰੁ ਪਰਦੇਸਿ ਸਿਗਾਰੁ ਬਣਾਏ॥

-ਮਾਝ ੩, ਅਸ ੩੦, ੭:੧ (127)

*ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸ਼ਬਦਿ ਸਿੰਗਾਰੁ ਬਣਾਵਣਿਆ॥

-ਮਾਝ ੩,ਅਸ ੩੩,੫:੩ (129)

ਸਿੰਗੀ- ਜੋਗੀਆਂ ਦੀ ਤੁਰੀ ਜੋ ਸਿੰਗ ਦੀ ਬਣੀ ਹੁੰਦੀ ਹੈ। ਇਕ ਵਾਯੂ ਨਾਲ ਵੱਜਣ ਵਾਲਾ ਸਾਜ਼, ਇਕ ਪ੍ਰਕਾਰ ਦੀ ਖ਼ੂਨੀ ਸਿੰਗੀ ਜਿਸ ਦਾ ਇਸਤੇਮਾਲ ਦੇਸੀ ਹਕੀਮ ਕਰਦੇ ਹਨ।

*ਜਹ ਭਉ ਨਾਹੀ ਤਹਾ ਆਸਨੁ ਬਾਧਿਓ **ਸਿੰਗੀ** ਅਨਹਤ ਬਾਨੀ।

-ਗਉ ੫,੧੩੨*, ੪:੧ (208)

ਸਿਧਉਰਾ- ਸੰਧੂਰ, ਸੰਧੂਰ ਵਾਲਾ ਨਲੀਏਰ

*ਮਾਰਨੇ ਤੇ ਕਿਆ ਡਰਪਨਾ ਜਬ ਹਾਥਿ **ਸਿਧਉਰਾ** ਲੀਨ॥

-ਸਲੋ ਕਬ, ੭੧:੨ (1368)

ਸਿਰਪਾਉ- (ਫਾ. ਸਰਾਪ, ਸਰੋਪਾ) ਸਾਰਾ: ਮੁਕੰਮਲ, ਪੈਰ ਤੋਂ ਸਿਰ ਤੱਕ ਦਾ ਪਹਿਰਾਵਾ (ਖਿਲਤ, ਬਾਦਸ਼ਾਹ ਅਥਵਾ ਅਮੀਰ ਵੱਲੋਂ ਸਨਮਾਨ ਵਜੋਂ ਦਿੱਤੀ ਜਾਣ ਵਾਲੀ ਪੋਸ਼ਾਕ), ਸਿਰੋਪਾ

*ਪਹਿਰਿ **ਸਿਰਪਾਉ** ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ॥

-ਸੋਰ ੫,੯੩,੨:੨ (631)

ਸਿਰਾਧ- ਪਿਤਰਾਂ ਵਾਸਤੇ ਸ਼ਰਧਾ ਨਾਲ ਕੀਤਾ ਅੰਨ, ਵਸਤਰਾਂ ਦਾ ਦਾਨ, ਜੋ ਹਿੰਦੂਮਤ ਅਨੁਸਾਰ ਹਰ ਸਾਲ ਨਿਸਚਿਤ ਦਿਨ ਕੀਤਾ ਜਾਂਦਾ ਹੈ।

*ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ॥

-ਗਉ ਕਬ, ੪੫, ੧:੧ (332)

ਸੀਗਾਰ- ਆਭੂਸ਼ਨ, ਸਜਾਵਟ, ਵੇਖੋ 'ਸ਼ਿੰਗਾਰ'

*ਸਭਿ ਰਸ ਭੋਗਣ ਬਾਦਿ ਹਹਿ ਸਭਿ **ਸੀਗਾਰ** ਵਿਕਾਰ॥

-ਸਿਰੀ੧,੧੩,੫:੧ (19)

*ਕੀਨੋ ਰੀ ਸਗਲ **ਸੀਗਾਰ**॥

-ਮਲਾ ੫,੨੩, ੧:੧ (1271)*

*ਜਉ ਮੈਂ ਕੀਓ ਸਗਲ **ਸੀਗਾਰਾ**॥

-ਆਸਾ ੫, ੧੧,੧:੧ (373)

*ਕਾਪਰੁ ਪਹਿਰਿ ਕਰਹਿ **ਸਿਗਾਰਾ**॥

-ਭੈਰ ਨਾਮ, ੮,੩:੨ (1165)

*ਸਬਦ ਰਤੀਆ ਸੋਹਾਗਣੀ ਸਚੈ ਸਬਦਿ **ਸੀਗਾਰਿ**॥

-ਸਿਰੀ ੩, ੬੨,੨:੧ (38)

*ਜਿਨਿ ਤਨੁ ਮਨੁ ਸਾਜਿ **ਸੀਗਾਰਿਆ** ਤਿਸੁ ਸੇਤੀ ਲਿਵ ਲਾਇ॥

-ਸਿਰੀ ੧, ਅਸ ੧੪, ੧:੨ (62)*

*ਮਨ ਅਸਵਾਰ ਜੈਸੇ ਤੁਰੀ **ਸੀਗਾਰੀ**॥

-ਗਉ ੫, ੧੬੦, ੧:੧ (198)

*ਸਹਜਿ ਸੰਤੋਖਿ **ਸੀਗਾਰੀਆ** ਮਿਠਾ ਬੋਲਣੀ॥

-ਸਿਰੀ ੧,੧੦ ੨:੨ (17)

*ਬਿਨੁ ਪਿਰ ਧਨ **ਸੀਗਾਰੀਐ** ਜੋਬਨੁ ਬਾਦਿ ਖੁਆਰੁ॥

-ਸਿਰੀ ੨, ਆਸ ੯,੧:੧ (58)

*ਮੁੰਧੇ ਪਿਰ ਬਿਨੁ ਕਿਆ **ਸੀਗਾਰੁ**॥

-ਸਿਰੀ ੧,੧੩,੧:੧ (18)*

*ਬਿਨੁ ਪਿਰ ਕਾਮਣਿ ਕਰੇ **ਸੁੀਗਾਰੁ**॥

-ਮਲਾਰ, ਅਸ ੩,੨:੧ (1277)

*ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ **ਸੀਗਾਰੇ**॥

-ਗਉ ੩, ਛੰਤ ੩, ੩:੨ (245)

*ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ **ਸੀਗਾਰੋ**॥

-ਗਉ ੩, ਛੰਤ ੨,੩:੫ (244)

*ਨਹ ਦੇਖਿਓ ਰੂਪ ਰੰਗ **ਸੀਗਾਰੋ**॥

-ਆਸਾਂ ੫,੭,੧:੨ (372)

ਸੀਤਲਾ- ਚੇਚਕ ਦੀ ਬਿਮਾਰੀ, ਮਾਤਾ, ਚੀਚਕ, ਹਿੰਦੂ ਮਤ ਅਨੁਸਾਰ ਚੀਚਕ ਦੀ ਬਿਮਾਰੀ ਦੀ ਦੇਵੀ ਦਾ ਨਾਂ ਜੋ ਸੁਨਹਿਰੀ ਰੰਗ ਦੀ ਖੋਤੇ ਉਤੇ ਸਵਾਰ, ਹੱਥ ਵਿਚ ਝਾੜੂ, ਮੱਥੇ ਉਪਰ ਛੱਜ ਤੇ ਲਾਲ ਰੰਗ ਦੇ ਬਸਤਰਾਂ ਵਾਲੀ ਮੰਨੀ ਜਾਂਦੀ ਹੈ।

*ਸੀਤਲਾ ਤੇ ਰਖਿਆ ਬਿਹਾਰੀ॥

-ਗਉ ੫,੧੭੨,੧:੧ (200)

ਸੀਧਾ- ਆਟਾ, ਖਾਣ ਦਾ ਇਕ ਪਦਾਰਥ, ਭੋਜਨ ਸਮਗਰੀ, ਕੜਾਹ ਦੀ ਰਸਤ,

*ਦਾਲਿ ਸੀਧਾ ਮਾਗਉ ਘੀਉ॥

-ਧਨਾ ਧੰਨਾ, ੧,੧:੧ (695)

ਸੀਵਨਿ- ਸਿਉਣਾ, ਸਿਉਣਯੋਗ, ਸਿਉਣ ਲਾਇਕ

*ਰਾਂਗਨਿ ਰਾਂਗਉ ਸੀਵਨਿ ਸੀਵਉ॥

-ਆਸਾ ਨਾਮ, ੩,੨:੧ (485)

ਸੁਇਨ- ਸੋਨਾ, ਇਕ ਕੀਮਤੀ ਧਾਤ, ਬਹੁਮੁੱਲੀ ਧਾਤ ਜੋ ਪਾਣੀ ਤੋਂ ਵੱਧ ਭਾਰੀ ਹੈ, ਇਸ ਦੇ ਗਹਿਣੇ ਜਾਂ ਸਿੱਕੇ ਬਣਦੇ ਹਨ।

*ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਰੀ॥

-ਧਨਾ ਨਾਮ, ੧,੩:੧ (693)

*ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥

-ਸਿਰੀ ੧,੪,੨:੧ (15)

*ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥

-ਸਿਰੀ ੧,੭,੩:੧ (16)

ਸੁਹਾਗਾ- ਛਤੀਰ ਵਰਗਾ ਇਕ ਕਿਸਾਨੀ ਸੰਦ ਜਿਸ ਨਾਲ ਜ਼ਮੀਨ ਦੇ ਡਲੇ ਭੰਨੇ ਜਾਂਦੇ ਹਨ।

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

-ਸੋਰ ੧,੨,੧:੨ (595)

ਸੁਧਾ- ਅੰਮ੍ਰਿਤ, ਇਕ ਪੀਣ ਵਾਲਾ ਪਦਾਰਥ,

*ਪ੍ਰੇਮ ਸੁਧਾ ਰਸੁ ਪੀਵੈ ਕੋਇ॥

-ਗਉ ਕਬ, ਥਿਤੀ ੬:੩ (343)

*ਸੁਰਤਿ ਪਿਆਲ ਸੁਧਾਰਸੁ ਅੰਮ੍ਰਿਤ ਏਹੁ ਮਹਾ ਰਸੁ ਪੇਉ ਰੇ॥

-ਰਾਮ ਕਬ, ੧,੩:੨ (969)

ਸੁੰਨਿਤ- (ਅ.ਸੁਨਤ) ਰੀਤ, ਮਰਯਾਦਾ; ਖਤਨੇ ਕੀ ਰੀਤ, ਬੱਚੇ ਦੇ ਨਰ ਅੰਗ ਦਾ ਵਾਧੂ ਮਾਸ ਕਟਨਾ, ਮੁਸਲਮਾਨਾਂ ਦੀ ਇਕ ਰੀਤ ਜੋ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਉੱਮਤ ਨੂੰ ਸਿਖਿਆ ਦੇਣ ਲਈ ਕੀਤੇ, ਉਹ ਸਭ ਸੁੰਨਤ ਰੂਪ ਹਨ।

*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

-ਮਾਝ੧, ਵਾਰ ੭ਸ,੧:੨ (140)

ਸੁਨਾਰਾ- ਸੋਨੇ ਦਾ ਸਾਮਾਨ ਬਣਾਨ ਵਾਲਾ, ਸੁਨਿਆਰਾ,

*ਸੋਨਾ ਗਢਤੇ ਹਿਰੈ ਸੁਨਾਰਾ॥

-ਗੋਂਡ ਨਾਮ ੨,੨:੨ (873)

*ਜਤੁ ਪਾਹਾਰਾ ਧੀਰਜੁ ਸੁਨਿਆਰ॥

-ਜਪੁ ੧, ੩੮:੨ (8)

*ਕਿਉ ਕੰਡੈ ਤੋਲੈ ਸੁਨਿਆਰ॥

-ਸਾਰ੪, ਵਾਰ ੬ਸ ੧,੧:੬ (1239)

ਸੁਪੇਦ- (ਫਾ.ਸਫੈਦ) ਚਿੱਟਾ, ਚਿੱਟੇ ਰੰਗ ਵਾਲਾ, ਦੁੱਧ ਵਰਗਾ ਚਿੱਟਾ,

*ਕੋਈ ਓਢੈ ਨੀਲ ਕੋਈ **ਸੁਪੇਦ**॥

-ਰਾਮ ੫,੯,੩:੨ (885)

*ਰਾਤੀ ਹੋਵਨਿ ਕਾਲੀਆਂ **ਸੁਪੇਦਾ** ਸੇ ਵੰਨ॥

-ਸੂਹੀ ੩, ਵਾਰ ੧੩ਸ, ੧,੨:੧ (789)

*ਰਤਾ ਪੈਨਣੁ ਮਨੁ ਰਤਾ **ਸੁਪੇਦੀ** ਸਤੁ ਦਾਨੁ॥

-ਸਿਰੀ ੧,੭,੨:੧ (16)

ਸੁਭਰ- ਚਮਕੀਲਾ, ਉਜਲ ਸ਼ਗਨਾਂ ਦਾ (ਕੱਪੜਾ), ਲਾਲ ਰੰਗ ਦਾ ਜਾਂ ਮਜੀਠ ਵਿਚ ਰੰਗਿਆ ਖੱਦਰ ਦਾ ਕੱਪੜਾ ਜੋ ਵਿਆਹ ਵਾਲੀ ਕੁੜੀ ਉਤੇ ਫੇਰਿਆਂ ਵੇਲੇ ਦਿੰਦੇ ਹਨ।

***ਸੁਭਰ** ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥

-ਮਾਰੂ ੫,ਵਾਰ ੨੨ਸ, ੫,੩:੩(1102)

ਸੁਭੋਗ- ਚੰਗੇ ਪਦਾਰਥ, ਰਸਦਾਇਕ ਭੋਗ, ਸਵਾਦੀ ਭੋਜਨ,

*ਨਾਮੁ ਹਮਾਰੈ ਤ੍ਰਿਪਤਿ **ਸੁਭੋਗ**॥

-ਭੈਰ ੫,੩੫,੩:੨ (1145)

ਸੁੰਮ- ਚਸ਼ਮੇ, ਸੋਮੇ, ਜਿਸ ਥਾਂ ਤੋਂ ਕੁਦਰਤੀ ਤੌਰ ਤੇ ਪਾਣੀ ਨਿਕਲ ਕੇ ਚਲੇ

*ਨਦੀਆ ਹੋਵਹਿ ਧੇਣਵਾਂ **ਸੁੰਮ** ਹੋਵਹਿ ਦੁਧੁ ਘੀਉ॥

-ਮਾਝ ੧, ਵਾਰ ੯ ਸ, ੧,੧:੧ (141)

ਸੁਮੇਰ- ਪੁਰਾਣਾ ਅਨੁਸਾਰ ਸੋਨੇ ਦਾ ਬਹੁਤ ਉੱਚਾ ਪਹਾੜ ਜਿੱਥੇ ਦੇਵਤਿਆਂ ਦੀਆਂ ਪੁਰੀਆਂ ਹਨ। ਰੁਦ੍ਰ ਹਿਮਾਲਿਆ ਦਾ ਨਾਂ ਹੀ ਸੁਮੇਰ ਹੈ, ਜਿਸ ਵਿਚੋਂ ਗੰਗਾ ਨਿਕਲਦੀ ਹੈ।

*ਮੇਰ **ਸੁਮੇਰ** ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ॥

-ਨਟ ੪, ਅਸ ੬,੪ :੨ (983)

ਸੁਰ- 1. ਦੇਵਤੇ, 2. ਸੰਗੀਤ ਦੀ ਧੁਨ, ਤਾਨ ਰਾਗ

***ਸੁਰ** ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥

-ਸਿਰੀ ੧,੧੭,੩:੧ (64)

*ਜਤਨ ਕਰੈ ਤਉ ਭੀ **ਸੁਰ** ਭੰਗ॥

-ਗਉ ੫, ਸੁਖ ੪,੬:੬ (267)

ਸੁਰਸਰੀ- ਦੇਵਤਿਆਂ ਦੀ ਨਦੀ, ਗੰਗਾ

*ਸਾਸਤ੍ਰ ਬੇਦੁ ਸਿਮ੍ਰਿਤਿ ਸਰੁ ਤੇਰਾ **ਸੁਰਸਰੀ** ਚਰਣ ਸਮਾਣੀ॥

-ਆਸਾ ੩, ਅਸ ੨੩, ੧:੧ (422)

ਸੁਰਗ- ਸਵਰਗ, ਦੇਵ ਲੋਕ, ਬੈਕੁੰਠ, ਦੇਵਤਿਆਂ ਸਮਾਨ,

*ਬਿਆਪਤ **ਸੁਰਗ** ਨਰਕ ਅਵਤਾਰ॥

-ਗਉ ੫,੮੮,੧:੨ (182)

*ਗਾਵਹਿ ਮੋਹਣੀਆ ਮਨੁ ਮੋਹਨਿ **ਸੁਰਗਾ** ਮਛ ਪਇਆਲੇ॥

-ਜਪੁ ੧,੨੭:੧੧ (6)

*ਤੇਰਾ ਅੰਤੁ ਨ ਪਾਇਆ **ਸੁਰਗਿ** ਮਛਿ ਪਇਆਲਿ ਜੀਉ॥

-ਸਿਰੀ ੧, ਅਸ ੨੮,੧:੨ (71)

*ਕੋਈ ਬਾਛੈ ਭਿਸਤੁ ਕੋਈ **ਸੁਰਗਿੰਦ**॥

-ਰਾਮ ੫,੯,੪:੨ (885)

*ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ **ਸੁਰਗੁ** ਮਛੁ ਪਇਆਲੇ॥

-ਆਸਾ ੧,ਸੋਦ ੧:੧੧ (9)

***ਸੁਰਗੈ** ਦੀਆਂ ਮੋਹਣੀਆਂ ਇਸਤਰੀਆਂ ਹੋਵਨਿ ਨਾਨਕ ਸਭੋ ਜਾਉ॥

-ਮਾਝ ੧,ਵਾਰ ੬ਸ, ੧,੪:੨ (142)

ਸੁਰਤਰ- ਦੇਵਤਿਆਂ ਦਾ ਬ੍ਰਿਛ ਜੋ ਸਭ ਫਲ ਦਿੰਦਾ ਹੈ: ਪਰੰਪਰਾ ਅਨੁਸਾਰ ਅਜਿਹੇ ਪੰਜ ਬ੍ਰਿਛ ਮੰਨੇ ਜਾਂਦੇ ਹਨ; ਮੰਦਾਰ, ਪਾਰਜਾਤ, ਸੰਤਾਨ, ਕਲਮ ਬ੍ਰਿਛ ਅਤੇ ਹਰਿਚੰਦਨ (ਸੰਸਕ੍ਰਿਤ ਗ੍ਰੰਥਾਂ ਨੇ ਵੀ ਇਹੋ ਪੰਜ ਦੱਸੇ ਹਨ।)

*ਸੁਖ ਸਾਗਰੁ **ਸੁਰਤਰ** ਚਿੰਤਾਮਨਿ ਕਾਮਧੇਨੁ ਬਸਿ ਜਾ ਕੇ॥

-ਸੋਰ ਰਵਿ, ੪,੧:੧ (658)

ਸੁਰਪਤਿ- ਦੇਵਤਿਆਂ ਦਾ ਸਵਾਮੀ ਇੰਦਰ, ਦੇਵਰਾਜ, ਸੁਰਪਾਲ

*ਰਾਜ ਤੇ ਕੀਟ ਕੀਟ ਤੇ **ਸੁਰਪਤਿ** ਕਰਿ ਦੋਖ ਜਠਰ ਕਉ ਭਰਤੇ॥

-ਮਲਾ ੫,੪,੧:੧ (1267)

ਸੁਰਮਾ- (ਫਾ.ਸੁਰਮਾ) ਇਕ ਕਾਲੀ ਚਮਕੀਲੀ ਧਾਤ ਜਿਸਨੂੰ ਬਾਰੀਕ ਪੀਸ ਕੇ ਅੱਖਾਂ ਵਿਚ ਔਸ਼ਧੀ ਅਥਵਾ ਅਲੰਕਾਰ ਰੂਪ ਵਿਚ ਪਾਇਆ ਜਾਂਦਾ ਹੈ; ਅੰਜਨ, ਪਿਨਸਲ ਦਾ ਸਿੱਕਾ

*ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ **ਸੁਰਮਾ** ਦੇਈ॥

-ਆਸਾ ੧,੩੫,੩:੨ (359)

ਸੁਵਰਨ- ਸੋਨਾ, ਇਕ ਕੀਮਤੀ ਧਾਤ,

*ਕਈ ਕੋਟਿ ਗਿਰੀ ਮੇਰ **ਸੁਵਰਨ** ਥੀਵੇ॥

-ਗਉ ੫, ਸੁਖ ੧੦, ੪:੬ (276)

*ਤੈਸਾ **ਸੁਵਰਨੁ** ਤੈਸੀ ਉਸੁ ਮਾਟੀ॥

-ਗਉ ੫,ਸੁਖ ੯,੭,੫ (275)

*ਦੇਹ ਕੰਚਨ ਜੀਨੁ **ਸੁਵਿਨਾ** ਰਾਮ॥

-ਵਡ ੪, ਘੋੜੀ ੨,੨:੧ (576)

ਸੂਆ- ਵੱਡੀ ਸੂਈ ਜਿਸ ਨਾਲ ਬੋਰੀਆਂ ਦੇ ਮੂੰਹ ਸੀਤੇ ਜਾਂਦੇ ਹਨ

*ਲਉ ਨਾੜੀ **ਸੂਆ** ਹੈ ਅਸਤੀ॥

-ਰਾਮ ੫,੧੩,੧:੨ (886)

ਸੂਈ- ਕੱਪੜੇ ਸਿਉਣ ਦਾ ਇਕ ਸੰਦ ਜਿਸ ਦੇ ਇਕ ਸਿਰੇ ਤੇ ਧਾਗਾ ਪਾਉਣ ਲਈ ਨੱਕਾ ਹੁੰਦਾ ਹੈ, ਇਹ ਆਮ ਤੌਰ ਤੇ ਲੋਹੇ ਦੀ ਹੁੰਦੀ ਹੈ।

*ਖਿੰਥਾ ਗਿਆਨ ਧਿਆਨ ਕਰਿ **ਸੂਈ** ਸਬਦੁ ਤਾਗਾ ਮਥਿ ਘਾਲੈ॥

-ਆਸਾ ਕਬ, ੭,੨:੧(477)

ਸੂਹਨੀ- ਝਾੜੂ, ਬੁਹਾਰੀ, ਬਹੁਕਰ, ਥਾਂ ਸਾਫ਼ ਕਰਨ ਲਈ ਪੰਨੀ ਦੀਆਂ ਤੀਲੀਆਂ ਦਾ ਮੁੱਠਾ।

*ਦੇਊ **ਸੂਹਨੀ** ਸਾਧ ਕੈ ਬੀਜਨੁ ਢੋਲਾਵਉ॥

-ਬਿਲਾ ੫, ੫੧,੧:੨ (813)*

ਸੂਹਬ- ਲਾਲ ਰੰਗ ਦੀ, ਸੂਹੀ, ਸ਼ਗਨਾਂ ਦਾ ਰੰਗ, ਸੂਹੇ ਵੇਸ ਵਾਲੀਏ,

***ਸੂਹਬ** ਸੂਹਬ ਸੂਹਵੀ॥

-ਸੂਹੀ ੫,੧੦, ੧:੧ (739)*

*ਲੋਕਾਂ ਵੇ ਹਉ **ਸੂਹਵੀ** ਸੂਹ ਵੇਸੁ ਕਰੀ॥

-ਸੂਹੀ ੩, ਵਾਰ ੨ ਸ,੩,੨:੧ (785)

***ਸੂਹਵੀਏ** ਨਿਮਾਣੀਏ ਸੋ ਸਹੁ ਸਦਾ ਸਮਾਲਿ॥

-ਸੂਹੀ ੩, ਵਾਰ ੧ਸ੩, ੨:੧ (785)

*ਗਣਤ ਗਣਾਵਣਿ ਆਈਆ **ਸੂਹਾ** ਵੇਸੁ ਵਿਕਾਰੁ॥

-ਸਿਰੀ੧,ਅਸ ੨,੧:੨ (54)

***ਸੂਹੇ** ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ॥

-ਸੂਹੀ ੩, ਵਾਰ ੧ਸ,੩, ੧:੧ (785)

ਸੂਤ- ਸੂਤਰ, ਧਾਗਾ ਡੋਰੀ, ਵੱਟਿਆ ਹੋਇਆ ਧਾਗਾ ਜਿਸ ਨਾਲ ਤਰਖਾਣ ਨਿਸ਼ਾਨ ਲਾਉਂਦੇ ਹਨ।

*ਸਾਠ **ਸੂਤ** ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥

-ਗਉ ਕਬ, ੫੪,੧:੨ (335)

***ਸੂਤ** ਬਿਨਾ ਕੈਸੇ ਮਣੀ ਪਰੋਈਐ॥

-ਗੋਂਡ ਕਬ, ੯,੨:੨ (872)

*ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ **ਸੂਤਧਾਰੀ**॥

-ਆਸਾ ੧,੩੫,੧:੧ (359)

*ਤੂੰ **ਸੂਤੁ** ਮਣੀਏ ਭੀ ਤੂੰ ਹੈ।

-ਮਾਝ ੫,੨੮,੨:੧ (102)

ਸੂਤੁਧਾਰਿ- ਪੁਤਲੀਆਂ ਦੀ ਡੋਰੀ ਜਿਸ ਦੇ ਹੱਥ ਹੈ, ਮੰਚ ਪ੍ਰਬੰਧਕ, ਨਟ, ਨਾਟਕ ਖੇਡਣ ਵਾਲਾ, ਅਖਾੜੇ ਦਾ ਪਰਬੰਧਕ,

*ਥਾਕਾ ਮਨੁ ਕੁੰਚਰ ਉਰ ਥਾਕਾ ਤੇਜੁ **ਸੂਤੁਧਾਰਿ** ਰਮਤ॥

-ਆਸਾ ਕਬ ੧੮,੪:੨ (480)

***ਸੂਤੈ** ਸੂਤ ਮਿਲਾਏ ਕੋਰੀ॥

-ਗਉ ਕਬ, ੩੬,੪:੨ (484)

ਸੂਫੁ- (ਫਾ.ਸੂਫ) ਪਸ਼ਮ/ਉੱਨ ਦਾ ਕੱਪੜਾ, ਕੰਬਲ, ਸੂਫੀ ਫਕੀਰ ਦੀ ਖਫਨੀ, ਇਕ ਕਿਸਮ ਦਾ ਕਾਲੇ ਰੰਗ ਦਾ ਕੱਪੜਾ।

*ਫਰੀਦਾ ਕੰਨਿ ਮੁਸਲਾ **ਸੂਫੁ** ਗਲਿ ਦਿਲਿ ਕਾਤੀ ਗੁੜੁ ਵਾਤਿ॥

-ਸਲੋ ਫਰ, ੫੦,੧ (1380)

ਸੂਰੀ- ਸੂਲੀ, ਸਲੀਬ

***ਸੂਰੀ** ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ॥

-ਸਲੋ ਕਬ, ੧੦੮ : ੧ (1370)

ਸੁਲਾਕ- ਲੋਹੇ ਦੀ ਤਿੱਖੀ ਸੀਖ ਜਿਸ ਨਾਲ ਸੋਨੇ ਨੂੰ ਪਰਖਨ ਲਈ ਛੇਕ ਕੀਤੇ ਜਾਂਦੇ ਹਨ। ਸੁਨਿਆਰਿਆਂ ਦਾ ਇਕ ਹਥਿਆਰ

*ਆਪੇ ਪਰਖੇ ਪਰਖਣ ਹਾਰੈ ਬਹੁਰਿ ਸੂਲਾਕੁ ਨ ਹੋਈ॥

-ਭੈਰ ੧, ਅਸ ੧, ੨:੧ (1153)

ਸੇਜ- ਸੌਣ ਲਈ ਕੀਤਾ ਬਿਸਤਰਾ, ਵਿਛੌਣਾ

*ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ॥

-ਸਿਰੀ ੧,੨੦,੩:੩ (21)

ਸੇਤੰਬਰੁ- ਚਿੱਟੇ ਰੰਗ ਦਾ, ਦੁੱਧੀ ਰੰਗ ਦਾ,

*ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥

-ਆਸਾ ੧,ਵਾਰ ੧੩ਸ,੧,੨:੧ (470)

*ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ॥

-ਮਾਝ ੫, ਬਾਰਾ੭ :੬ (134)

ਸੋਇਨ- ਸੋਨਾ, ਇਕ ਕੀਮਤੀ ਧਾਤ

*ਸੇ ਅਸਥਲ ਸੋਇਨ ਚਉਬਾਰੇ॥

-ਮਾਝ ੫,੩੭,੧:੨ (105)

*ਸੋਵੰਨ ਢਾਲਾ ਕ੍ਰਿਸ਼ਨ ਮਾਲਾ ਜਪਹੁ ਤੁਸੀ ਸਹੇਲੀ ਹੋ।

-ਵਡ ੧, ਛੰਤ ੨,੭:੪ (567)

*ਸੇਜੜੀਆ ਸੋਇਨ ਹੀਰੇ ਲਾਲ ਜੜੰਦੀਆਂ॥

-ਮਾਰੂ ੫, ਵਾਰ ੨੨ਸ,੫, ੩:੨ (1102)

ਸੋਹਿਲਾ- ਜਸ/ਕੀਰਤ/ਵਡਿਆਈ ਦਾ ਗੀਤ, ਖ਼ੁਸ਼ੀ ਦਾ ਗੀਤ

*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥

-ਗਉ ੧, ਸੋਹ ੧,੧:੨ (12)*

*ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ॥

-ਸੂਹੀ ੩,੫,੧:੬ (770)

*ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥

-ਤਿਲੰ ੧,੫,੧:੭ (722)

*ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥

-ਗਉ ੧,ਸੋਹ ੧,੧:੨ (12)*

ਸੋਟਾ- ਮੋਟਾ ਡੰਡਾ, ਲਾਠੀ, ਲੱਕੜ ਦਾ ਡੰਡਾ

*ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ॥

-ਬਸੰ ਕਬ,੧,੩:੨ (1196)

ਸੋਨ- ਸੋਨਾ, ਉੱਤਮ ਸ਼੍ਰੇਣੀ ਦੀ ਇਕ ਕੀਮਤੀ ਧਾਤ ਜਿਸਦੇ ਗਹਿਣੇ ਬਣਦੇ ਹਨ, ਇਕ ਵੱਡਮੁੱਲੀ ਧਾਤ

*ਜੈਹਹਿ ਆਟਾ ਲੋਟ ਜਿਉ ਸੋਨ ਸਮਾਨਿ ਸਰੀਰੁ॥

-ਸਲੋ ਕਬ, ੧੧੭:੨ (1370)

*ਸੋਨਾ ਗਢਤੇ ਹਿਰੈ ਸੁਨਾਰਾ॥

-ਗੋਂਡ ਨਾਮ, ੨,੨:੨ (873)

*ਲੰਕਾ ਗਢੁ ਸੋਨੇ ਕਾ ਭਇਆ॥

-ਭੈਰ ਕਬ, ੨,੩:੧ (1158)

ਸੋਭਾ- ਚਮਕੀਲੀਆਂ ਵਸਤੂਆਂ ਅਰਥਾਤ ਗਹਿਣੇ

-ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵੈਰ ਮੇਰਾ ਕਾਜੋ॥

-ਸਿਰੀ ੪,ਛੰਤ ੨,੪:੨ (79)

ਸੋਰਠਿ- ਸੋਰਠ ਰਾਗਣੀ, ਇਕ ਪੂਰਨ ਰਾਗ

*ਸੋਰਠਿ ਸਦਾ ਸੁਹਾਵਣੀ ਜੇ ਮਨਿ ਹੋਇ॥

-ਸੋਰ ੪,ਵਾਰ ੧ਸ, ੧,੧:੧ (642)

ਸ੍ਰੀ- ਇਕ ਰਾਗ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਰਾਗ ਹੈ

*ਰਾਗ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥

-ਸਿਰੀ ੫,ਵਾਰ ੧ਸ, ੧,੧:੧ (83)

ਸ੍ਵਰਗ- ਸੁਰਗ, ਬੈਕੁੰਠ, ਬਹਿਸ਼ਤ

*ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥

-ਜੈਤ ੫,ਵਾਰ ੬ਸ, ੫,੧:੧ (707)

ਹਟਵਾਣੀ- ਹੱਟੀ ਵਾਲਾ, ਦੁਕਾਨਦਾਰ

*ਹਟਵਾਣੀ ਧਨ ਮਾਲ ਹਾਟੁ ਕੀਤੁ॥

-ਬਸੰ ੫, ੨,੧:੧ (1180)

*ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ॥

-ਗਉ ੪,੪੭,੩:੧ (166)

ਹਥੀ- ਹਥਕੜੀ

*ਹਥੀ ਪਉਦੀ ਕਾਹੇ ਰੋਵੈ॥

-ਮਾਰੂ ੧,੨,੩:੪ (989)

ਹਥੀਆਰ- ਹਤਿਆ ਕਰਨ ਵਾਲਾ ਸੰਦ, ਘਾਤਕ ਸ਼ਸਤਰ, ਤਲਵਾਰ ਆਦਿਕ ਸ਼ਸਤਰ ਜੋ ਲੜਾਈ ਵਿਚ ਵਰਤੇ ਜਾਂਦੇ ਹਨ

*ਮ੍ਰਿਗ ਪਕਰੇ ਬਿਨੁ ਘੋਰ **ਹਥੀਆਰੁ**॥

-ਭੈਰ ੫,੪,੧:੨ (1136)*

*ਅਹਿਰਣਿ ਮਤਿ ਵੇਦੁ **ਹੁਥੀਆਰੁ**॥

-ਜਪੁ ੧,੩੮:੨ (8)

ਹਰਹਟ- ਹਰਟ, ਘਟਿਯੰਤ੍ਰ

*ਜੈਸੇ **ਹਰਹਟ** ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।

-ਪ੍ਰਭਾ ੧,੮,੨:੧ (1329)

ਹਰਣਾ- ਸੋਨਾ, ਇਕ ਕੀਮਤੀ ਧਾਤ, ਖੋਹ ਜਾਂ ਲੈ ਜਾਣ ਦਾ ਭਾਵ,

*ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥

-ਤਿਲੰ ੧,੨,੨:੧ (721)

ਹਰਤੇ- ਚੋਰ, ਡਾਕੂ, ਚੁਰਾਉਣ ਵਾਲਾ, ਵਿਨਾਸ਼ਕ, ਮਾਰਨ ਵਾਲਾ

*ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ॥

-ਮਲਾ ੫,੪,੧:੨ (1267)

ਹਲੁ- ਜੋਤਣਾ, ਜ਼ਮੀਨ ਨੂੰ ਵਾਹੁਣ ਦਾ ਸੰਦ, ਮੁੰਨੇ ਤੇ ਪੰਜਾਲੀ ਦਾ ਵਿਚਕਾਰਲਾ ਲੰਮਾ ਲੜ।

*ਮੈ ਸਤ ਕਾ **ਹਲੁ** ਜੋਆਇਆ॥

-ਸਿਰੀ ੫, ਅਸ ੨੯, ੨:੨ (73)

ਹੜ- ਰੋੜ੍ਹ ਦਾ ਪਾਣੀ, ਨਦੀ ਨਾਲੇ ਵਿਚ ਪਾਣੀ ਚੜ੍ਹ ਜਾਣ ਦਾ ਭਾਵ;

*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨ ਹੜ ਕਾ ਜਲੁ॥

-ਟੋਡੀ ੫,੨੬, ੧:੨ (717)*

ਹੜੁਵਾਣੀਐ- ਹੱਥਕੜੀ ਨਾਲ, ਬੈਤਾਂ ਨਾਲ ਮਾਰ ਪੈਂਦੀ ਹੈ

*ਨਿੰਦਕ ਲਾਇਤਬਾਰ ਮਿਲੇ **ਹੜੁਵਾਣੀਐ**॥

-ਮਲਾ ੧, ਵਾਰ ੨੧:੭ (1288)

ਹਾਂਡੀ- ਦੇਗਾ, ਕੁੰਨੀ, ਖਾਣਾ ਬਣਾਨ ਦਾ ਭਾਂਡਾ, ਮਿੱਟੀ ਦੀ ਤੌੜੀ
*ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ॥
-ਸਲੋ ਕਬ,੭੦:੨ (1368)

ਹਾਰ- ਮੋਤੀਆਂ ਦੀ ਮਾਲਾ, ਧਾਗੇ ਵਿਚ ਪੁਰੋਏ ਹੋਏ ਫੁੱਲ ਮੋਤੀ ਆਦਿ ਦੀ ਮਾਲਾ,
*ਲੱਖ ਟਕਿਆ ਕੇ ਮੂੰਦੜੇ ਲਖ ਟਕਿਆ ਦੇ **ਹਾਰ**॥
-ਆਸਾ੧, ਵਾਰ ੪ਸ, ੧,੨:੬ (464)

*ਨਾਨਕ ਨਾਮੁ ਨਿਧਾਨੁ ਰਿਦੈ ਉਰਿ **ਹਾਰਈ**॥
-ਸਲੋ ੫, ੬:੬ (1425)

*ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ **ਹਾਰਿ** ਪਰੋਵੈ॥
-ਤੁਖਾ ੧, ਛੰਤ ੫,੨:੬ (1112)

*ਇਕਤੁ ਧਾਗੈ ਰਲਿ ਮਿਲੈ ਗਲਿ ਮੋਤੀਅਨ **ਕਾ ਹਾਰੁ**॥
-ਸਿਰੀ ੧, ਅਸ ੯, ੪:੨ (58)

*ਨਾਨਕ ਕਾਮਣਿ ਨਾਹ ਪਿਆਰੀ ਰਾਮ ਨਾਮੁ ਗਲਿ **ਹਾਰੋ**॥
-ਗਉ ੩, ਛੰਤ ੧,੨:੬ (244)

ਹਿੰਡੋਲ- ਰਾਤ ਦੇ ਪਹਿਲੇ ਪਹਿਰ ਵਿਚ ਗਾਇਆ ਜਾਣ ਵਾਲਾ ਕਲਿਆਣ ਠਾਟ ਦਾ ਇਕ ਔੜਵ ਰਾਗੁ ਜਿਸ ਦਾ ਜ਼ਿਕਰ ਕੇਵਲ ਰਾਗੁ ਮਾਲਾ ਵਿਚ ਹੈ।
*ਪੁਨਿ ਆਇਆ ਉ **ਹਿੰਡੋਲੁ** ਪੰਚ ਨਾਰਿ ਸੰਗਿ ਅਸਟ ਸੁਤ॥
-ਰਾਗ ੧:੨੩ (1430)

ਹਿਰਣੰ- ਚੁਰਾਂਦੇ ਹਨ, ਚੋਰੀ ਕਰਦੇ ਹਨ, ਹਿਰਨ ਹੋ ਜਾਂਦੇ ਹਨ।
*ਪਰਦਰਬ **ਹਿਰਣੰ** ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥
-ਸਸ ੫,੬੬:੧ (1360)

ਹਿਰਤ- ਲੁਟ ਕੇ, ਚੁਰਾ ਕੇ ਲੈ ਜਾਣਾ, ਲੁੱਟ ਕੇ ਲੈ ਜਾਣਾ
*ਜਿਉ ਚੋਰੁ ਹਿਰਤ ਨਿਸੰਗ॥
-ਬਿਲਾ ੫, ਅਸ ੨,੮:੨ (838)

*ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ॥
-ਗਉ ੪,ਵਾਰ ੩੨:੪ (317)

ਹਿਰਨ- ਸੋਨਾ, ਇਕ ਕੀਮਤੀ ਧਾਤ

*ਲੋਹਾ ਕੰਚਨੁ **ਹਿਰਨ** ਹੋਇ ਕੈਸੇ ਜਉ ਪਾਰਸਹਿ ਨਾ ਪਰਸੈ।

-ਰਾਮ ਰਵਿ, ੧,੧:੨ (973)

ਹੀਰ- (ਸੰ.ਹੀਰ/ਹੀਰਮ) ਹੀਰਾ, ਇਕ ਕੀਮਤੀ ਮੋਤੀ, ਖ਼ੂਬਸੂਰਤ ਮੋਤੀ,

*ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰ॥

-ਰਾਮ ੫,੫੯,੨:੧ (901)

*ਜਬ ਹੀ ਪਾਈਅਹਿ ਪਾਰਖੂ ਤਬ **ਹੀਰਨ** ਕੀ ਸਾਟ॥

-ਸਲੋ ੨ਬ,੧੬੨: ੨ (1373)

*ਮੋਤੀ **ਹੀਰਾ** ਨਿਰਮਲਾ ਕੰਚਨ ਕੋਟ ਰੀਸਾਲ॥

-ਸਿਰੀ ੧,੯,੨:੨ (17)

*ਮਨ ਮਹਿ **ਮਾਣਕੁ** ਲਾਲੁ ਨਾਮੁ ਰਤਨੁ ਪਦਾਰਥ ਹੀਰੁ॥

-ਸਿਰੀ ੧,੨੧,੪:੧ (22)

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥

-ਸਿਰੀ ੧,੧,੨:੧ (14)

*ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ॥

-ਸਿਰੀ ੪,੬੭,੧:੨ (40)

*ਨਿਰਮੋਲਕੁ ਅਤਿ **ਹੀਰੋ** ਨੀਕੋ ਹੀਰੈ ਹੀਰੁ ਬਿਧੀਜੈ॥

-ਕਲਿ ੪,ਅਸ ੪,੩:੧ (1325)

ਹੇਲਾ- ਖੇਲ ਵਿਲਾਸ, ਖੇਡਣ/ਲੀਲਾ (ਪਾਉਣ ਵਾਲੇ),

*ਜਾ ਦੈ ਘਰਿ ਨਿਕਟ ਵਰਤੀ ਅਰਜੁਨ ਧ੍ਰੂ ਪ੍ਰਹਲਾਦ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ॥

-ਮਲਾ ਨਾਮ, ੧,੫,੧ (1292)

ਹੈਮੰਚਲਿ- (ਸੰ.ਬਰਫ) ਚਾਦਰ, ਢੱਕ ਲੈਣ ਵਾਲਾ ਕਪੜਾ, ਹਿਮਾਲੀਆ

*ਤਨੁ **ਹੈਮੰਚਲਿ** ਗਾਲੀਐ ਭੀ ਮਨ ਤੇ ਰੋਗੁ ਨ ਜਾਇ॥

-ਸਿਰੀ ੧, ਅਸ ੧੪,੩:੨ (62)

ਹੋਮ- ਘਿਓ ਆਦਿ ਸਮੱਗਰੀ ਨੂੰ ਅਗਨੀ ਵਿਚ ਪਾ ਕੇ ਕੀਤਾ ਜਾਣ ਵਾਲਾ (ਯੱਗ), ਹਵਨ, ਅਹੂਤੀ ਦੇਣ ਦੀ ਕਿਰਿਆ।

*ਤਿਤੁ ਘਿਇ **ਹੋਮ** ਜਗ ਸਦ ਪੂਜਾ ਪਾਇਐ ਕਾਰਜੁ ਸੋਹੈ॥

-ਮਾਝ ੧, ਵਾਰ ੨੬ਸ, ੧,੧:੨੨ (150)

ਕਉਸਕ- ਇਕ ਰਾਗ, ਇਹ 'ਮਾਲਕ ਉਸਕ' ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ।

*ਪ੍ਰਚੰਡ ਚੰਡ **ਕਉਸਕ** ਉਭਾਰਾ॥

-ਰਾਗ ੧:੨੦ (1430)

ਕਉਸੈ- (ਫਾ.ਕਫਸ਼) ਖੜਾਵਾਂ, ਜੁੱਤੀ, ਕੌਸ

*ਜਿਨਿ ਆਕਾਸ ਕੁਲਹ ਸਿਰਿ ਕੀਨੀ **ਕਉਸੈ** ਸਪਤ ਪਯਾਲਾ॥

-ਭੈਰੋ ਨਾਮ, ੧,੧:੧ (1167)

ਕਉਡੀ- (ਸੰ. ਕਪਰਦਿਕ)ਪੁਰਾਣੇ ਸਮੇਂ ਦਾ ਸਭ ਤੋਂ ਘੱਟ ਮੁੱਲ ਵਾਲਾ ਸਿੱਕਾ ਭਾਵ ਨਿਗੂਣੀ ਵਸਤੂ, ਦਾਮ, ਪੈਸਾ

*ਹੀਰੇ ਜੈਸਾ ਜਨਮ ਹੈ **ਕਉਡੀ** ਬਦਲੈ ਜਾਇ॥

-ਗਉ ੧, ੧੮, ੧:੨ (156)

*ਕਉਡਾ ਡਾਰਤ ਹਿਰੈ ਜੁਆਰੀ॥

-ਗੋਡ ਨਾਮ, ੨,੩:੨ (873)

ਕਉਤਕ- (ਸੰ.ਕੌਤਕ)ਅਨੋਖੀ ਗੱਲ, ਮਨ ਨੂੰ ਅਨੰਦ ਦੇਣ ਵਾਲੀ ਕਿਰਿਆ, ਤਮਾਸ਼ਾ, ਖੇਡ, ਮਨੋਰੰਜਨ ਲੀਲਾ,

***ਕਉਤਕ** ਕਰੈ ਰੰਗ ਅਪਾਰ

-ਗਉ ੫, ਸੁਖ ੧੨,੭:੮ (279)

*ਸੋਈ ਰਾਮੁ ਸਭੈ ਕਹਹਿ ਸੋਈ **ਕਉਤਕਹਾਰ**॥

-ਸਲੋ ਕਬ, ੧੮੦:੨ (1374)

***ਕਉਤਕੁ** ਕਾਲੁ ਇਹੁ ਹੁਕਮਿ ਪਠਾਇਆ॥

-ਮਾਰੂ ੫, ਸੋਲਾ ੧੦,੯:੧ (1081)

*ਜਾਂਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ **ਕਉਤਕੁ** ਕਾਲੁ ਬਪੁੜਾ ਕੋਟਵਾਲ ਸੁ ਕਰਾ ਸਿਰੀ॥

-ਮਲਾ ਨਾਮ ੧,੧:੩ (1292)

*ਕਾਪੜੀ ਕਉਤੇ ਜਾਗੂਤਾ॥

-ਸਿਰੀ ੫,੨੭,੫:੨ (71)

ਕਖਾਈ- (ਸੰ.ਕਸ਼ਾਯ-ਖਿੱਚਣਾ)ਪਲਾ, ਸਿਰਾ, ਲੰਗੋਟੀ ਅਥਵਾ ਧੋਤੀ ਦਾ ਪੱਲਾ ਜੋ ਨੰਗੇਜ਼ ਨੂੰ ਢੱਕਦਾ ਹੈ।

*ਮਥੈ ਟਿਕਾ ਤੇੜਿ ਧੋਤੀ **ਕਖਾਈ**॥

-ਆਸਾ ੧, ਵਾਰ ੧੬ਸ,੧,੨:੯ (471)

ਕੰਗਨ- (ਸੰ.ਕੰਕਣ-ਕੜਾ) ਕੜਾ, ਕੰਕਨ, ਹੱਥ ਦਾ ਇਕ ਗਹਿਣਾ

*ਕਰ ਕਰਿ ਕਰਤਾ **ਕੰਗਨ** ਪਹਿਰੈ ਇਨ ਬਿਧਿ ਚਿਤੁ ਧਰੇਈ॥

-ਆਸਾ ੧,੩੫,੨:੨ (359)

*ਕਨਿਕ ਕਨਿਕ ਪਹਿਰੇ ਬਹੁ **ਕੰਗਨਾ** ਕਾਪਰੁ ਭਾਂਤਿ ਬਨਾਵੈਗੋ॥

-ਕਾਨ ੪,ਅਸ੧,੫:੧ (1308)

*ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ **ਕੰਙਣ** ਧ੍ਰਿਗੁ ਬਨਾ॥

-ਰਾਮ ੫, ਰੁਤੀ ੫:੩ (928)

ਕੰਚਨ- (ਸੰ.ਕਾਂਚਨ) ਧਨ, ਸੋਨਾ, ਸੁਨਹਿਰੀ ਰੰਗ ਦੀ ਇਕ ਕੀਮਤੀ ਧਾਤ ਜਿਸ ਨੂੰ ਜ਼ੰਗ ਨਹੀਂ ਲਗਦਾ ਤੇ ਜਿਸ ਦੇ ਗਹਿਣੇ ਬਣਦੇ ਹਨ।

*ਮੋਤੀ ਹੀਰਾ ਨਿਰਮਲ **ਕੰਚਨ** ਕੋਟ ਰੀਸਾਲ॥

-ਸਿਰੀ ੧,੯,੨:੨ (17)

***ਕੰਚਨਾ** ਬਹੁ ਦਤ ਕਰਾ॥

-ਸਾਰ ੫,੧੩੧,੧:੨ (1229)*

*ਕੈਹਾ **ਕੰਚਨੁ** ਤੁਟੈ ਸਾਰੁ॥

-ਮਾਝ ੧, ਵਾਰ ੧੨ਸ,੧,੨:੧ (143)

*ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਓ **ਕੰਚਨ** ਅਰੁ ਪੈਸਾ॥

-ਗਉ ੯,੭,੨:੧ (220)

ਕਛਉਟੀ- ਲੰਗੋਟੀ,ਛੋਟੀ ਕਛ, ਜਾਂਘੀਆ, ਕਛੋਟੀ, ਕੱਛਾ

*ਕਰਮ ਕਰਿ **ਕਛਉਟੀ** ਮਫੀਟਸਿ ਰੀ॥

-ਧਨਾ ਤ੍ਰਿਲੋ, ੧,੫:੨ (695)

ਕਛੇਲੀ- ਦੀਪਕ ਰਾਗ ਦੀ ਇਕ ਰਾਗਣੀ

*ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥

-ਰਾਗ ੧,੩੫ (1430)

ਕਜਰ- (ਸੰ.ਕੱਜਲ) ਕੱਜਲ, ਅੱਖਾਂ ਵਿਚ ਪਾ ਕੇ ਸ਼ਿੰਗਾਰ ਕਰਨ ਵਾਲਾ ਕਾਲਾ ਪਦਾਰਥ, ਸੁਰਮਾ

*ਮੋਹਨ ਨੀਂਦ ਨ ਆਵੈ ਹਾਵੈ ਹਾਰ **ਕਜਰ** ਬਸਤ੍ਰ ਅਭਰਨ ਕੀਨੈ॥

-ਬਿਲਾ ੫,੧੨੮,੧:੧ (830)*

*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥

-ਸਲੋ ਫਰ, ੧੪:੨ (1378)

*ਕਲਰ ਖੇਤੀ ਤਰਵਰ ਕੰਛੇ ਬਾਗਾ ਪਹਿਰਹਿ **ਕਜਲੁ** ਝਰੈ॥

-ਮਾਰੂ੧,ਅਸ ੧੧,੬:੧ (1016)

ਕਟਾਰਾ- (ਸੰ.ਕਟਾਰ) ਇਕ ਦੋਧਾਰਾ ਛੋਟਾ ਸ਼ਸ਼ਤਰ ਜੋ ਕਮਰ ਨਾਲ ਬੰਨ੍ਹ ਕੇ ਰਖੀਦਾ ਹੈ, ਖੰਜਰ, ਵੱਡਾ ਕਟਾਰਾ, ਵੱਡਾ ਖੰਡਾ

*ਅਛਲ ਛਲਾਈ ਨਹ ਛਲੈ ਨਹ ਘਾਉ **ਕਟਾਰਾ** ਕਰਿ ਸਕੈ॥

-ਸਿਰੀ ੧, ੩੩, ੧:੧ (25)

ਕਟਾਰੀ- ਛੋਟਾ ਖੰਡਾ, ਖੰਜਰ, ਵੇਖੋ 'ਕਟਾਰਾ'

*ਨਾਨਕ ਆਪਨ **ਕਟਾਰੀ** ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ॥

-ਸਾਰ ੫,੧੦੫, ੨:੨ (1224)

ਕਟਿਕ- ਕੜਾ, ਕੰਗਨ,

*ਕਨਕ **ਕਟਿਕ** ਜਲ ਤਰੰਗ ਜੈਸਾ॥

-ਸਿਰੀ ਰਵਿ, ੧,੧:੨ (93)

ਕਟੋਰੀ- (ਸੰ.ਕਟੋਰਾ)ਕੌਲੀ, ਖੁਲ੍ਹੇ ਮੂੰਹ ਵਾਲਾ ਧਾਤ ਦਾ ਪਿਆਲਾ, ਹੋਰ ਵੇਖੋ 'ਕਟੋਰੈ'

*ਕ੍ਰੋਧ **ਕਟੋਰੀ** ਮੋਹਿ ਭਰੀ ਪੀਲਾਵਾ ਅਹੰਕਾਰੁ॥

-ਬਿਹਾ੪, ਵਾਰ੧੨ਸ,ਮਰ,੧:੨ (553)

ਕਟੋਰੈ- ਵੱਡੀ ਕੌਲੀ, ਕੌਲਾ, ਛੰਨਾ,

*ਦੂਧ **ਕਟੋਰੈ** ਗਡਵੈ ਪਾਨੀ॥

-ਭੈਰ ਨਾਮ, ੩,੧:੧ (1163)

ਕੰਡਾ- ਕਾਂਟਾ, ਤਕੜੀ ਦਾ ਕੁੰਡਾ/ਸੂਈ ਜੋ ਡੰਡੀ ਦੇ ਮੱਧ ਵਿਚ ਹੁੰਦੀ ਹੈ ਤੇ ਭਾਰੇ ਪਾਸੇ ਵਲ ਝੁਕਦੀ ਹੈ।

*ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ **ਕੰਡਾ** ਹੈ॥

-ਗਉ ੪,ਸੋਹ ੪,੨:੧ (13)

*ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪ ਤੋਲਿ ਤੋਲਾਇਆ॥

-ਸੋਰ ੪,੪, ੨:੨ (605)

*ਕਿਉ **ਕੰਡੈ** ਤੋਲੈ ਸੁਨਿਆਰੁ॥

-ਸਾਰ ੪, ਵਾਰ ੬ਸ, ੧,੧:੬ (1239)

ਕਤੀਫਿਆ- (ਅ.ਕਤੀਫਤ) ਮਖ਼ਮਲ ਆਦਿ ਦੇ ਰੇਸ਼ਮੀ ਕਪੜੇ (ਪੁਸ਼ਾਕਾਂ)

*ਰੰਗ ਪਰੰਗ **ਕਤੀਫਿਆ** ਪਹਿਰਹਿ ਧਰਮਾਈ॥

-ਸਾਰ ੪,ਵਾਰ ੨੪:੨ (1247)

ਕਨਕ- ਸੋਨਾ, ਇਕ ਕੀਮਤੀ ਧਾਤ

*ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ **ਕਨਕ** ਕਲਸ ਇਕੁ ਪਾਇਆ॥

-ਸਿਰੀ ਕਬ,੩,੨:੧ (92)

*ਏਕੈ **ਕਨਿਕ** ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ॥

-ਗਉ ੫,੧੨੩,੪:੧ (205)*

*ਜਿਉ **ਕਨਿਕੋ** ਕੋਠਾਰੀ ਚੜਿਓ ਕਬਰੋ ਹੋਤ ਫਿਰੋ॥

-ਸਾਰ ੫,੩,੨:੧ (1203)

ਕਪਲ- ਭੂਰਾ ਰੰਗ ਜਾਂ ਕਾਲਾ ਰੰਗ

***ਕਪਲ** ਗਾਇ ਨਾਮੈ ਦੁਹਿ ਆਨੀ॥

-ਭੈਰ ਨਾਮ, ੩,੧:੨ (1163)

ਕਪੜ- ਕੱਪੜੇ, ਵਸਤਰ, ਜਾਮਾ, ਪਹਿਰਾਵਾ, ਤੰਦਾਂ ਦਾ ਬਣਿਆ ਹੋਇਆ ਬਸਤਰ ਜਿਸ ਦੀ ਪੁਸ਼ਾਕ ਬਣਦੀ ਹੈ।

*ਤਾਜੀ ਤੁਰਕੀ ਸੁਇਨਾ ਰੁਪਾ **ਕਪੜ** ਕੇਰੇ ਭਾਰਾ॥

-ਗਉ ੧,੧੩,੪:੧ (155)

*ਕਰਮੀ ਆਵੈ **ਕਪੜਾ** ਨਦਰੀ ਮੋਖੁ ਦੁਆਰੁ॥

-ਜਪੁ ੧,੪:੬ (2)

*ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ॥

-ਸਿਰੀ ੫,੭੧,੨:੧ (42)

*ਜੈਸੀ ਗਗਨਿ ਫਿਰੰਤੀ ਊਡਤੀ **ਕਪਰੇ** ਬਾਗੇ ਵਾਲੀ॥

-ਗਉ੪,੫੧,੨:੧ (168)

*ਜੋਗੁ ਨ ਭਗਵੀ **ਕਪੜੀ** ਜੋਗੁ ਨ ਮੈਲੇ ਵੇਸਿ॥

-ਸਲੋ ੩, ੬੪:੧ (1420)

*ਮੂਤ ਪਲੀਤੀ **ਕਪੜੁ** ਹੋਇ॥

-ਜਪੁ ੧,੨੦:੩ (4)

*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥

-ਮਾਝ੧, ਵਾਰ੨੪ਸ, ੧,੨:੨ (149)

*ਜੇ ਰੁਤ ਲਗੈ ਕਪੜੈ ਜਾਮਾ ਹੋਇ ਪਲੀਤੁ॥

-ਮਾਝ ੧, ਵਾਰ ੬ਸ, ੧,੧:੧ (140)

ਕਪਾਟੰ- ਗਿੱਲਾ ਤੌਲੀਆ ਜੋ ਸੰਧਿਆ ਵੇਲੇ ਮੋਢਿਆ ਉਪਰ ਰੱਖਣ ਦਾ ਵਿਧਾਨ ਹੈ, ਧੋਤਾ ਹੋਇਆ ਗਿੱਲਾ ਪਰਨਾ.

*ਦੁਇ ਧੋਤੀ ਬਸਤ੍ਰ ਕਪਾਟੰ॥

-ਆਸਾ੨,ਵਾਰ ੧੪ਸ,੧,੨:੬ (470)

ਕਬਰੋ- ਸੋਨਾ, ਇਕ ਕੀਮਤੀ ਧਾਤ

*ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ॥

-ਸਾਰ ੫,੩,੨:੧ (1203)

ਕੰਬਲੜੀ- ਹੌਲਾ ਕੰਬਲ, ਲੋਈ, ਉੱਨ ਦਾ ਵਸਤਰ ਜੋ ਖੁਰਦਰਾ ਹੁੰਦਾ ਹੈ।

*ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥

-ਸਲੋ ਫਰ, ੧੦੩:੧ (1383)

*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥

-ਸਲੋ ਫਰ, ੨੪:੨ (1379)

ਕਬਿ- ਕਵੀ, ਕਵਿਤਾ ਲਿਖਣ ਵਾਲਾ

*ਕਈ ਕੋਟਿ ਕਬਿ ਕਾਬਿ ਬੀਚਾਰਹਿ॥

-ਗਉ ੫, ਸੁਖ ੨੦,੨:੮ (275)

*ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ॥

-ਸੋਰ ਕਬ, ੧,੨:੧ (654)

ਕਮੰਡਲ- ਸਾਧੂਆਂ ਦਾ ਜਲਪਾਤਰ, ਇਕ ਬਰਤਨ

*ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨ ਕਰੈ॥

-ਭੈਰ ੧,੮,੩:੧ (1127)

*ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ।

-ਗੂਜ ਤ੍ਰਿਲੋ,੨,੪:੨ (526)

ਕਮਰਬੰਦੁ- ਕਮਰਕਸਾ, ਲੱਕ ਨਾਲ ਬੰਨਣ ਵਾਲਾ ਪਟਕਾ

*ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥

-ਸਿਰੀ ੨,੭,੨:੩ (16)

ਕਮਾਣ- (ਫਾ.ਕਮਾਨ) ਧਨੁਸ਼, ਇਕ ਸ਼ਸ਼ਤਰ, ਕਮਾਨ
*ਤਰਕਸ ਤੀਰ **ਕਮਾਣ** ਸਾਂਗ ਤੇਗਬੰਦ ਗੁਣ ਧਾਤੁ॥

-ਸਿਰੀ ੧,੭, ੩:੨ (16)

*ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ **ਕਮਾਨ** ਚਢਾਈ॥

-ਭੈਰ ਕਬ, ੧੭,੩:੧ (1161)

ਕਰਕਰਾ- ਖਸਤਾ, ਪੇਠੇ ਦਾ ਕੜਾਹ, ਇਕ ਖਾਣ ਵਾਲਾ ਪਦਾਰਥ
*ਭਾਤੁ ਪਹਿਤਿ ਅਰੁ ਲਾਪਸੀ **ਕਰਕਰਾ** ਕਾਸਾਰੁ॥

-ਆਸਾ ਕਬ, ੧੪,੪:੧ (479)

ਕਰਛੀ- ਲੋਹੇ ਜਾਂ ਪਿੱਤਲ ਆਦਿ ਦਾ ਵੱਡਾ ਚਮਚਾ, ਕੜਛੀ, ਸਬਜ਼ੀ ਆਦਿ ਬਣਾਨ ਅਥਵਾ ਪਰੋਸਨ ਲਈ ਵਰਤਿਆ ਜਾਂਦਾ ਸਾਧਨ
*ਜੂਠੀ **ਕਰਛੀ** ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥

-ਬੰਸ ਕਬ,੭,੩:੨ (1195)

ਕਰਨਾਟੀ- ਸਿਰੀ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ ਰਾਗਨੀ
*ਬੈਰਾਰੀ **ਕਰਨਾਟੀ** ਧਰੀ॥

-ਰਾਗ ੧:੪੩ (1430)

ਕਰਵਤ- (ਸੰ.ਕਰਵਤ-ਆਰਾ) ਆਰਾ, ਲਕੜੀ ਚੀਰਨ ਵਾਲਾ ਇਕ ਦੰਦੇਦਾਰ ਸੰਦ
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ **ਕਰਵਤ** ਧਰਾਏ॥

-ਸੋਰ ੫,ਅਸ ੩,੩:੧ (645)

ਕਰਵੈ- (ਸੰ.ਕਰਵ-ਕੰਮਡਲ ਜਾਂ ਜੋਟਾ) ਲੋਟਾ, ਕੂਜਾ, ਮਿੱਟੀ ਦਾ ਲੋਟਾ, ਟੂਟੀਦਾਰ ਮਿੱਟੀ ਦਾ ਗੜਵਾ
*ਕਾਚੈ **ਕਰਵੈ** ਰਹੈ ਨ ਪਾਨੀ॥

-ਸੂਹੀ ਕਬ, ੨,੨:੧ (792)

ਕਲ- ਕਲਾ, ਕਾਰੀਗਰੀ, ਹੁਨਰ, ਕਲੀਗੀਰੀ, ਜੰਤਰ
*ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ **ਕਲ**॥

-ਸਲੋ ੧,੩:੧ (1410)

ਕਲਸ- (ਸੰ.ਕਲਸ਼-ਘੜਾ) ਘੜਾ ਗਾਗਰ, ਮਿੱਟੀ ਦਾ ਭਾਂਡਾ,

*ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ **ਕਲਸ** ਇਕੁ ਪਾਈਆ॥

-ਸਿਰੀ ਕਬ, ੩,੨:੧ (92)

*ਕੰਚਨ ਵੰਨੇ ਪਾਸੇ **ਕਲਵਤਿ** ਚੀਰਿਆ॥

-ਆਸਾ ਫਰ, ੨,੪:੨ (488)

ਕਲਾ- (ਸੰ. ਕਲਾ) ਹੁਨਰ, ਕਾਰੀਗਰੀ, ਖੇਡ, ਬਾਜ਼ੀ, ਉਸਤਾਦੀ, ਮਸ਼ੀਨ ਜਾਂ ਕਲਾ ਦਾ ਹੁਨਰ,

*ਅਕਲ **ਕਲਾ** ਸਚ ਸਾਚਿ ਟਿਕਾਵੈ॥

-ਆਸਾ ੧, ਅਸ ੭,੪ :੨ (414)

*ਐਸੀ **ਕਲਾ** ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥

-ਆਸਾ ੧, ਵਾਰ ੧੨:੩ (469)

ਕਲੋਲਤੇ- ਖੇਡ, ਚੋਜ, ਮਨੋਰੰਜਨ, ਦਿਲ ਪਰਚਾਵਾ, ਮੌਜ ਮੇਲਾ, ਖੇਲ ਕੁੱਦ

*ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ **ਕਲੋਲਤੇ**॥

-ਸਸ ੫, ੪੮:੧ (1358)

ਕਲ੍ਹਾਨਾ- ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ ਪੁੱਤਰ

ਗਉਰਾ ਅਉ ਕਾਨਰਾ ਕਲ੍ਹਾਨਾ॥

-ਰਾਗ ੧,੩੮ (1430)

ਕਵਚੁ- ਰਖਿਆ ਕਰਨ ਵਾਲਾ ਯੰਤਰ, ਜ਼ੱਰਾ ਬਕਤਰ, ਸੰਜੋਆ

*ਰਾਮ **ਕਵਚੁ** ਦਾਸ ਕਾ ਸੰਨਾਹੁ॥

-ਗੋਂਡ ੫,੨੦,੨:੧ (868)

ਕਵਾਇ- (ਅ.ਕਬਾ) ਚੋਗਾ, ਪੁਸ਼ਾਕ, ਸਰੋਪਾ, ਲਿਬਾਸ

*ਗੁਰਿ ਦੀ ਬਾਣਿ **ਕਵਾਇ** ਪੈਨਾਈਓਿ॥

-ਸਿਰੀ ੫, ਅਸ ੨੯,੪:੨ (73)

*ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ **ਕਵਾਈ**।

-ਆਸਾ ੧, ਅਸ ੧੨,੧:੨ (417)

ਕੜਛੀਆ- ਲੋਹੇ ਜਾਂ ਪਿੱਤਲ ਦਾ ਵੱਡਾ ਚਮਚਾ, ਸਬਜ਼ੀ/ਦਾਲ ਆਦਿ ਨੂੰ ਹਿਲਾਉਣ/ਪ੍ਰੋਸਨ ਲਈ ਵਰਤੇ ਜਾਣ ਵਾਲਾ ਰਸੋਈ ਦਾ ਇਕ ਬਰਤਨ।

*ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਞੀਆ॥

-ਗੂਜ ੫, ਵਾਰ ੧੨ਸ,੫,੧:੧ (521)

ਕੜਾਹਾ- ਵੱਡੀ ਕੜਾਹੀ, ਰਸੋਈ ਦਾ ਇਕ ਬਰਤਨ, ਇਕ ਚੌੜਾ ਤੇ ਡੂੰਘਾ ਲੋਹੇ ਦਾ ਭਾਂਡਾ।

*ਤਪਤ **ਕੜਾਹਾ** ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥

-ਮਾਰੂ ੫, ੧੪,੧:੨ (1002)*

ਕੜੀਅਲੁ- ਲਗਾਮ ਦਾ ਕੰਡੇਦਾਰ ਲੋਹਾ, ਕੜਿਆਲਾ, ਘੋੜੇ ਦੀ ਲਗਾਮ ਦੀ ਵਸਤੂ

***ਕੜੀਆਲੁ** ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥

-ਵਡ ੪, ਘੋੜੀ ੧,੩:੧ (575)

ਕਾਸਟ- (ਸੰ.ਕਾਸ਼ਟ)ਲੱਕੜ, ਕਾਠ

*ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ **ਕਾਸਟ** ਹਾਰਿਆ॥

-ਗੂਜ ੫,ਸੋ ੫,੧:੨ (10)*

ਕਾਸਾ- (ਅ.ਕਾਸਾ) ਪਿਆਲਾ (ਭਿਖਿਆ ਮੰਗਣ ਵਾਲਾ ਕੌਲਾ),ਠੂਠਾ

*ਕਰ **ਕਾਸਾ** ਦਰਸ਼ਨ ਕੀ ਭੂਖ॥

-ਤਿਲੰ ੧,੨,੧:੩ (721)

ਕਾਸਾਰੁ- ਘਿਓ ਵਿਚ ਆਟਾ ਭੁੰਨ, ਖੰਡ ਪਾ ਕੇ ਬਣਾਈ ਪੰਜੀਰੀ, ਇਕ ਖਾਣ ਦਾ ਪਦਾਰਥ

*ਭਾਤੁ ਪੀਹਤਿ ਅਰੁ ਲਾਪਸੀ ਕਰਕਰਾ ਕਾਸਾਰੁ॥

-ਆਸਾ ਕਬ, ੧੪,੪:੧ (479)

ਕਾਸੇ- ਪਿਆਲਾ, ਵੇਖੋ 'ਕਾਸਾ'

*ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ"

-ਮਾਝ ੧, ਵਾਰ ੨੬ਸ, ੧,੧:੯ (149)

ਕਾਜਰ- ਕਜਲ, ਅੱਖਾਂ ਵਿਚ ਸ਼ਿੰਗਾਰੀ ਲਈ ਪਾਈ ਜਾਣ ਵਾਲੀ ਸਿਆਹੀ, ਕਾਲਖ, ਵੇਖੋ 'ਕਾਜਲ'

***ਕਾਜਰ** ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥

-ਆਸਾ ੫,੫੧,੩:੧ (384)

***ਕਾਜਲ** ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ॥

-ਸੂਹੀ ੩,ਵਾਰ੯ਸ,੨:੧ (788)

*ਕਾਜਲੁ ਹਾਰੁ ਤਮੋਲ ਰਸੁ ਬਿਨ ਪਸੇ ਹਭਿ ਰਸ ਛਾਰੁ॥

-ਮਾਰੂ ੫, ਵਾਰ ੧ਸ, ੫,੩:੨ (1094)

ਕਾਠ- ਲਕੜੀ, ਹੋਰ ਵੇਖੋ 'ਕਾਸਟ'

*ਗੁਰ ਸਤਿਗੁਰ ਪਿਛੈ ਤਰਿ ਗਇਆ ਜਿਓ ਲੋਹਾ ਕਾਠ ਸੰਗੋਇਆ॥

-ਗਉ ੪,ਵਾਰ ੧੬ਸ,੪,੧:੯ (309)

*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦਖੁ ਦਰਿਦ੍ਰ ਤਿਨ ਤੇ ਗਇਆ॥

-ਸਵ ੪, ਨਲ ੬:੫ (1399)

*ਸੰਚਿ ਮਹਾ ਰਸੁ ਤਨੁ ਝਇਆ ਕਾਠੀ॥

-ਗਉ ਕਬ, ੨੭,੧:੨ (328)

*ਕਾਪੜੁ ਕਾਠੁ ਰੰਗਾਇਆ ਰਾਂਗਿ॥

-ਸਾਹ ੪,ਵਹ੧ਪਸ, ੧,੨:੧ (1243)

ਕਾਤੀ- ਛੁਰੀ, ਕੈਂਚੀ, ਕਰਦ, ਚਾਕੂ

*ਗਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

-ਮਾਝ ੧,ਵਾਰ ੧੬ਸ, ੧,੧:੧ (145)

*ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥

-ਆਸਾ ੧, ਅਸ ੧੧,੧:੨ (417)

ਕਾਨ- ਤੀਰ, ਬਾਣ

*ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ॥

-ਮਾਰੂ ੧,੧੨,੧:੩ (993)

ਕਾਨਰਾ- ਦੀਪਕ ਰਾਗ ਦੇ ਅੱਠ ਪੁੱਤਰ ਵਿਚੋਂ ਇਕ,

*ਗਉਰਾ ਅਉ ਕਾਨਰਾ ਕਲ੍ਯਾਨਾ॥

-ਰਾਗ ੧,੩੯ (1430)

ਕਾਪਰ- ਕੱਪੜੇ

*ਬਹੁ ਭੋਜਨ ਕਾਪਰ ਸੰਗੀਤ॥

-ਗਉ ੫,ਸੁਖ ੨੦, ੮:੫ (290)

*ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ॥

-ਮਾਲੀ ੪,੪,੩:੨ (985)

*ਕਬੀਰ ਊਜਲ ਪਹਿਰਹਿ **ਕਾਪਰੇ** ਪਾਨ ਸੁਪਾਰੀ ਖਾਹਿ॥

–ਸਲ ਕਬ, ੩੪:੧ (1366)

***ਕਾਪੜ** ਪਹਿਰਿ ਕਰੇ ਚਤੁਰਾਈ॥

–ਗਉ ੩,ਅਸ ੩,੭:੧ (230)

*ਸਾਚੁ ਧੜੀ ਧਨ ਮਾਡੀਐ **ਕਾਪੜੁ** ਪ੍ਰੇਮ ਸੀਗਾਰੁ॥

–ਸਿਰੀ ੧, ਅਸ ੨,੫:੧ (54)

ਕਾਂਬਰੀ- ਕੰਬਲੀ

*ਸਾਕਤ ਕਾਰੀ **ਕਾਂਬਰੀ** ਧੋਏ ਹੋਇ ਨ ਸੇਤੁ॥

–ਸਲੋ ਕਬ, ੧੦੦:੨ (1369)

*ਧਨਿ ਧਨਿ ਕ੍ਰਿਸ਼ਨ ਓਢੈ **ਕਾਂਬਲੀ**॥

–ਮਾਲੀ ਨਾਮ, ੧,੧:੨ (988)

ਕਾਮਣ- ਟੂਣੇ, ਪਤੀ ਨੂੰ ਵਸ ਕਰਨ ਲਈ ਕੀਤਾ ਜਾਦੂ, ਜਾਦੂ ਟੂਣੇ

*ਆਉ ਸਖੀ ਗੁਣ **ਕਾਮਣ** ਕਰੀਹਾ ਜੀਉ॥

–ਗਉ ੪,੬੬,੧:੧ (173)

ਕਾਮਣਿਆਰਿ- ਟੂਣੇ ਕਰਨ ਵਾਲੀ

*ਭੂੰਡੀ ਕਾਮਣਿ **ਕਾਮਣਿਆਰਿ**॥

–ਬਿਲਾ ੧,੩,੨:੨ (796)

***ਕਾਮਣਿਆਰੀ** ਕਾਮਣ ਪਾਏ ਬਹੁਰੰਗੀ ਗਲ ਤਾਗਾ॥

–ਵਡ ੧, ਅਲਾ, ੫,੩:੪ (582)

ਕਾਮਰੀ- ਕੰਬਲੀ, ਕਾਂਬਲੀ

*ਪੀਸਨੁ ਪੀਸਿ ਓਢਿ **ਕਾਮਰੀ** ਸੁਖੁ ਮਨੁ ਸੰਤੋਖਾਏ॥

–ਸੂਹੀ ੫,੪੧,੨:੧ (745)

ਕਾਮੋਦੀ- ਦੀਪਕ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ

***ਕਾਮੋਦੀ** ਆਉ ਗੂਜਰੀ ਸੰਗਿ ਦੀਪਕ ਕੇ ਥਾਪਿ॥

–ਰਾਗ ੧:੩੬ (1430)

ਕਾਰ- (ਸੰ.ਕਾਲ–ਕਾਲਾ,) ਕਾਲਖ, ਕਾਲਾ ਰੰਗ ਰੋਗੰਨ

*ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ **ਕਾਰ** ਕਰੀਠਾ।

–ਗਉ ੪,੬੧,੩:੧ (171)

ਕਾਰਗਹ- (ਫਾ.ਕਾਰਗਾਹ) ਕਪੜਾ ਬੁਨਣ ਦੀ ਖੱਡੀ, ਕਾਰਖਾਨਾ, ਕੰਮ ਕਰਨ ਦੀ ਥਾਂ

*ਕਹਤੁ ਕਬੀਰੁ **ਕਾਰਗਹ** ਤੋਰੀ॥

-ਆਸਾ ਕਬ, ੩੬,੪:੧ (484)

ਕਾਰਨਾ- ਖੇਡਾਂ, ਚੋਜ, ਮੇਲ ਮੋਜੇ ਕਰਨੇ

*ਖਿਨ ਮਹਿ ਥਾਪਿ ਉਥਾਪੇ ਕੁਦਰਤ ਸਭਿ ਕਰਤੇ ਕੇ ਕਾਰਨਾ॥

-ਰਾਮ ੫,੫,੨:੧ (915)

ਕਾਰਵੀ- (ਸੰ.ਕਰਕ)ਕਰਵਾ, ਮਿੱਟੀ ਦਾ ਭਾਂਡਾ, ਮਟਕੀ

*ਕਬੀਰ ਕਾਇਆ ਕਾਚੀ **ਕਾਰਵੀ** ਕੇਵਲ ਕਾਚੀ ਧਾਤੁ॥

-ਸਲੋ ਕਬ, ੨੨੨:੧ (1376)

ਕਾਰੇ- ਕੰਮ, ਲਾਭ, ਧੰਦੇ

*ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ॥

-ਤਿਲੰ ੫,੧,੩:੨ (723)

*ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥

-ਸਿਰੀ ੧,੧੪,੨:੧ (19)

ਕਾਲੰਕਾ- ਰਾਗ ਦੀਪਕ ਦੇ ਅੱਠ ਪੁੱਤਰਾਂ ਵਿਚੋਂ ਇਕ

*ਕਾਲੰਕਾ ਕੁਤਲ ਅਉ ਰਾਮਾ॥

-ਰਾਗ ੧:੩੭ (1430)

ਕਾਲੜੀ- (ਸੰ.ਕਾਲ=ਕਾਲਾ-ਆ) ਕਾਲੀ, ਸਿਆਹ ਰੰਗ ਦੀ, ਗਹਿਰੇ ਰੰਗ ਦਾ

*ਊਜਲੁ ਕੈਹਾ ਚਿਲਕਣਾ ਘੋਟਿਮ **ਕਾਲੜੀ** ਮਸੁ॥

-ਸੂਹੀ ੨,੩,੧:੧ (729)

*ਬਗਾ ਰਤਾ ਪੀਅਲਾ **ਕਾਲਾ** ਬੇਦਾ ਕਰੀ ਪੁਕਾਰ॥

-ਮਾਝ ੧, ਵਾਰ ੪ਸ, ੧,੧:੪ (139)

*ਤੂੰ ਸੁਣਿ ਹਰਣਾ **ਕਾਲਿਆ** ਕੀ ਵਾੜੀਐ ਰਾਤਾ ਰਾਮ॥

-ਆਸਾ ੧, ਛੰਤ ੫,੧:੧ (438)

***ਕਾਲੀ** ਕੋਇਲ ਤੂ ਕਿਤ ਗੁਨ ਕਾਲੀ॥

-ਸੂਹੀ ਫਰ, ੧,੨:੧ (794)

*ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ॥

-ਸੂਹੀ ੩, ਵਾਰ ੧੩ਸ, ੧,੨:੧ (789)

*ਜਾਕੀ ਦ੍ਰਿਸਟਿ ਅੰਮ੍ਰਿਤ ਧਾਰ **ਕਾਲੁਖ** ਖਨਿ ਉਤਾਰ ਤਿਮਰ ਅਗ੍ਯ਼ਾਨ ਜਾਹਿ ਦਰਸ ਦੁਆਰ॥

-ਸਵ ੨,੨:੧ (1391)

*ਇਹੁ ਬਗਾ ਤਪੈ ਘਣਾ ਕਾਲਿਆ **ਕਾਲੋ** ਵੰਨ॥

-ਸੂਹੀ ੩, ਵਾਰ ੧੩ਸ,੧,੨:੨ (789)

*ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ **ਕਾਲੇਖਾ**॥

-ਸਾਰ ੫,੮੮,੧:੨ (1221)

ਕਿੰਕਨੀ- (ਸੰ. ਕਿੰਡਕਰਗੀ) ਘੁੰਗਰੂਆਂ ਵਾਲਾ ਇਕ ਗਹਿਣਾ, ਘੁੰਗਰੂਆਂ ਵਾਲੀ ਤੜਾਗੀ

*ਦੇਖ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ **ਕਿੰਕਨੀ** ਸ਼ਬਦ ਝਨਤਕਾਰ ਖੇਲੁ ਪਾਹਿ ਜੀਉ॥

-ਸਵ ੪, ਗਯੰ ੬:੩ (1402)

ਕਿੰਕੁਰੀ- (ਫ.ਕਿੰਗਰਾ) ਇਕ ਪ੍ਰਕਾਰ ਦੀ ਸਾਰੰਗੀ, ਇਕ ਪ੍ਰਕਾਰ ਦਾ ਤੰਤੀ ਸਾਜ਼, ਜੋਗੀਆਂ, ਨਾਥਾਂ ਆਦਿ ਦਾ ਇਕ ਪ੍ਰਸਿੱਧ ਸਾਜ਼

***ਕਿੰਕੁਰੀ** ਅਨੂਪ ਵਾਜੈ।

-ਰਾਮ ੫,੧੨,੧:੧ (886)*

*ਘਟਿ ਘਟਿ ਵਾਜੈ **ਕਿੰਗੁਰੀ** ਅਨਦਿਨ ਸ਼ਬਦਿ ਸੁਭਾਇ॥

-ਸਿਰੀ ੧,ਅਸ ੧੪,੮:੧ (62)

ਕਿਰਾੜਾ- (ਸੰ.ਕਿਰਾਟ-ਵਪਾਰੀ)ਬਾਣੀਏ, ਮਾਇਆ ਦੇ ਲੋਭੀ, ਦੁਕਾਨਦਾਰ, ਵਪਾਰੀ, ਸੁਦਾਗਰ, ਹਟਵਾਣੀਆਂ,

*ਨਾਲਿ **ਕਿਰਾੜਾ** ਦੋਸਤੀ ਕੂੜੇ ਕੂੜੀ ਪਾਇ॥

-ਸਲੋ ੧,੨੧:੧ (1412)

ਕਿਵਾਰ- ਬੂਹੇ ਦੇ ਤਖਤੇ, ਦਰਵਾਜ਼ਾ, ਭਿਤ, ਪਟ, ਬੂਹਾ

*ਖੋਲਿ **ਕਿਵਾਰ** ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥

-ਆਸਾ ੫,੫੦,੧:੨ (383)

*ਦੇਇ **ਕਿਵਾੜ** ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥

-ਸੋਰ ੫,੨੬,੩:੧ (616)

*ਕਹੁ ਨਾਨਕ ਭ੍ਰਮ ਕਟੇ **ਕਿਵਾੜਾ** ਬਹੁੜਿ ਨ ਹੋਈਐ ਜਉਲਾ ਜੀਉ॥

-ਮਾਝ ੫,੨੬,੪:੨ (102)

ਕੀਰਤ- ਇਕ ਭੱਟ ਜਿਸ ਦੇ ਸਵਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।
*ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ਹ ਕਾਮ ਕ੍ਰੋਧ ਜਮ ਕੋ ਨਹੀਂ ਤ੍ਰਾਸੁ॥

-ਸਵ ੪,੧੫:੬ (1395)

*ਗੁਰੁ ਅਮਰਦਾਸ **ਕੀਰਤੁ** ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ॥

-ਸਵ ੩,੧੫:੬ (1395)

ਕੁਸਪਾਤੀ- ਚੀਚੀ ਉਂਗਲ ਦੇ ਨਾਲ ਦੀ ਉਂਗਲ ਉਤੇ ਪਾਇਆ ਦਭ ਦੇ ਪੱਤੇ ਦਾ ਬਣਿਆ ਛੱਲਾ, ਹਿੰਦੂ ਧਰਮ ਅਨੁਸਾਰ ਇਹ ਪਵਿੱਤਰ ਮੰਨਿਆ ਜਾਂਦਾ ਹੈ।
*ਗਿਆਨੁ ਜਨੇਊ ਧਿਆਨ **ਕੁਸਪਾਤੀ**

-ਆਸਾ ੧,੨੦,੧:੨ (355)

ਕੁਹਾੜਾ- ਲਕੜੀ ਕੱਟਣ ਵਾਲਾ ਇਕ ਹਥਿਆਰ, ਵੱਡੀ ਕੁਹਾੜੀ, ਕੁਠਾਰ
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥

-ਸਲੋ ਕਬ, ੧੩:੨ (1365)

ਕੁੰਜੀ- ਚਾਬੀ, ਤਾਲੀ, ਜਿਸ ਨਾਲ ਜੰਦਰਾ ਖੁੱਲ੍ਹਦਾ ਹੈ
*ਸਤਿਗੁਰ ਹਥਿ **ਕੁੰਜੀ** ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥

-ਮਾਝ ੩, ਅਸ ੨੫,੭:੩ (124)

ਕੁਠਾਰਿ- ਕੁਹਾੜਾ, ਇਕ ਹਥਿਆਰ,
*ਹਰਿ ਕਾਟੀ ਕੁਟਿਲਤਾ **ਕੁਠਾਰਿ**॥

-ਸਾਰ ੫,੧੧੨,੧:੧ (1225)*

*ਬਜਰ **ਕੁਠਾਰੁ** ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ॥

-ਧਨਾ ਨਾਮ, ੨,੨:੧ (693)

ਕੁੰਤਲ- ਦੀਪਕ ਰਾਗ ਦੇ ਅੱਠ ਪੁਤਰਾਂ ਵਿਚੋਂ ਇਕ,
*ਕਾਲਕਾ **ਕੁੰਤਲ** ਅਉ ਰਾਮਾ॥

-ਰਾਗ ੧:੩੭ (1430)

ਕੁਦਣੁ- ਟਪਣਾ, ਨੱਚਣਾ, ਖੇਡਣਾ, ਦੁੜੰਗੇ ਮਾਰਨਾ, ਉਛਲਣਾ, ਛਾਲ ਮਾਰਨਾ,
*ਨਚਣੁ **ਕੁਦਣੁ** ਮਨ ਕਾ ਚਾਉ॥

-ਆਸਾ੧,ਵਾਰ ੫ ਸ, ੧,੨: ੨੫ (465)

*ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ॥

–ਸਿਰੀ ੫,੭੩,੨:੧ (43)

ਕੁੰਨੇ- (ਸੰ.ਕੁੰਨੇ-ਹਾਂਡੀ) ਮਿੱਟੀ ਦੀ ਹਾਂਡੀ, ਮਿੱਟੀ ਦਾ ਇਕ ਬਰਤਨ, ਮਿੱਟੀ ਦੀ ਪਰਾਂਤ

*ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥

–ਸਲੋ ਫਰ, ੭੨:੨ (1381)

*ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ॥

–ਆਸਾ ਨਾਮ, ੨,੧:੧ (485)

ਕੁੰਭਾਰ- ਘੁਮਿਆਰ, ਘੜਾ ਬਣਾਉਣ ਵਾਲਾ, ਕੁੰਭਕਾਰ

*ਕੁੰਭਾਰ ਕੇ ਘਰ ਹਾਂਡੀ ਹਾਛੈ ਰਾਜਾ ਕੇ ਘਰਿ ਸਾਂਡੀ ਗੋ॥

–ਟੋਡੀ ਨਾਮ, ੩,੧:੧ (718)

ਕੁੰਭੁ- ਘੜਾ, ਮਿੱਟੀ ਦਾ ਬਰਤਨ

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥

–ਆਸਾ੧,ਵਾਰ ੧੨ਸ,੧,੫:੧ (469)

*ਜਿਉ ਪ੍ਰਗਾਸਿਆ ਮਾਟੀ ਕੁੰਭੇਉ॥

–ਪ੍ਰਭਾ ਨਾਮ, ੩,੨:੧ (1351)

ਕੁਮ੍ਹਾਰਾ- ਘੁਮਿਆਰ/ਮਿੱਟੀ ਦੇ ਬਰਤਨ ਬਣਾਉਣ ਵਾਲੇ ਨੇ

*ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।

–ਭੈਰ ੩,੧,੩:੨ (1128)

*ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥

–ਆਸਾ ਕਬ, ੧੬, ੨:੧ (479)

*ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥

–ਆਸਾ ੧, ਵਾਰ ੬ਸ,੧,੨:੧ (466)

*ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ।

–ਆਸਾ ੪, ਛੰਤ ੮,੨:੪ (442)

ਕੁਲਹ- (ਫਾ.ਕੁਲਾਹ)ਟੋਪੀ, ਕੁਲਾ

*ਤਾਜ **ਕੁਲਹ** ਸਿਰਿ ਛਤ੍ਰੁ ਬਨਾਵਉ॥

-ਗਉ ੧,ਅਸ ੧੦,੬:੨ (225)

*ਕੁਲਹਾਂ ਦੇਦੇ ਬਾਵਲੇ ਲੈਦੇ ਵਡੇ ਨਿਲਜ॥

-ਮਲਾ੧, ਵਾਰ ੧੯ਸ, ੧,੧:੧ (1286)

ਕੁਲਫੁ- (ਅ.ਕੁਲਫ) ਜੰਦਰਾ

*ਕੁੰਜੀ **ਕੁਲਫੁ** ਪ੍ਰਾਨ ਕਰਿ ਮਖੇ ਕਰਤੇ ਬਾਰ ਨ ਲਾਈ॥

-ਗਉ ਕਬ, ੭੩,੧:੨ (339)

ਕੁਲਾਲੁ- ਮਿੱਟੀ ਦੇ ਭਾਂਡੇ ਬਣਾਨ ਵਾਲਾ, ਘੁਮਿਆਰ

*ਜਾਂ ਚੈ ਘਰਿ **ਕੁਲਾਲੁ** ਬ੍ਰਹਮਾ ਚਤੁਰ ਮੁਖੁ ਡਾਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ॥

-ਮਲਾ ਨਾਮ, ੧,੨:੧ (1292)

ਕੂਜੜਾ- (ਅ.ਕੂਜਾ) ਗੰਗਾਸਾਗਰ, ਨਿੱਕੀ ਗਾਗਰ, ਵਲਟੋਹੀ, ਮਿੱਟੀ ਦਾ ਲੋਟਾ,

*ਅਜੁ ਫਰਦੈ **ਕੂਜੜਾ** ਸੈ ਕੋਹਾਂ ਥੀਓਮਿ॥

-ਸਲੋ ਫਰ, ੨੦:੨ (1378)

*ਪੁਰਾਬ ਖਾਮ ਕੂਜੈ ਹਿਰਮਤਿ ਖੁਦਾਇਆ॥

-ਮਲਾ ੧ ਵਾਰ ੨੭ਸ, ੧,੨:੫ (1291)

*ਬਦ ਅਮਲ ਛੋਡਿ ਕਰਹੁ ਹਥਿ **ਕੂਜਾ**॥

-ਮਾਰੂ ੫, ਸੋਲਾ ੧੨, ੧੦:੨ (1084)

ਕੂੰਜੀ- ਚਾਬੀ, ਉਹ ਚੀਜ਼ ਜਿਸ ਨਾਲ ਜੰਦਰਾ ਖੁਲ੍ਹਦਾ ਹੈ।

*ਸੰਤਨ ਹਥਿ ਰਾਖੀ **ਕੂੰਜੀ**॥

-ਰਾਮ ੫,੩੫,੨:੪ (894)

ਕੂੰਡੇ- ਕੂੰਡ, ਇਕ ਪ੍ਰਕਾਰ ਦਾ ਬਰਤਨ ਜਿਸ ਦਾ ਮੂੰਹ ਗਹਿਰਾ ਹੁੰਦਾ ਹੈ

*ਛੂਟੇ **ਕੂੰਡੇ** ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ॥

-ਗਉ ਕਬ, ੫੪,੩:੨ (335)

ਕੇਦਾਰਾ- ਇਕ ਰਾਗ ਜੋ ਅੱਧੀ ਰਾਤ ਨੂੰ ਗਾਇਆ ਜਾਂਦਾ ਹੈ। ਗ੍ਰੀਖਮ ਰੁਤ ਦਾ ਰਾਗ ਹੈ ਅਤੇ ਖ਼ੁਸ਼ੀ ਤੇ ਵੈਰਾਗ ਦਾ ਰਾਗ ਮੰਨਿਆ ਜਾਂਦਾ ਹੈ।

*ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥

-ਮਾਰੂ ੩,ਵਾਰ ੨ਸ,੩,੧:੧ (1087)

ਕੇਲ- ਖੇਡ, ਕਰੀੜੇ, ਖੇਲੁ

*ਉਨ ਕੈ ਸੰਗਿ ਤੂ ਕਰਤੀ ਕੇਲ॥

-ਆਸਾ ੫,੮੨,੧:੧ (390)

ਕੈਹਾ- ਇਕ ਧਾਤ, ਕੈਹ, ਕਾਂਸੀ

*ਕੈਹਾ ਕੰਚਨੁ ਤੁਟੈ ਸਾਰੁ॥

-ਮਾਝ ੧,ਵਾਰ੧੨ਸ, ੧,੨:੧ (143)

ਕੋਟਿ- (ਸੰ.ਕੋਟ-ਕਿਲਾ), ਕਿਲ੍ਹਾ, ਫ਼ਸੀਲ, ਗੜ੍ਹ, ਘੇਰਾ

*ਸਚੈ ਕੋਟਿ ਗਿਰਾਂਇ ਨਿਜ ਘਰ ਵਸਿਆ॥

-ਮਾਝ ੧, ਵਾਰ ੧੮:੩ (146)

*ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥

-ਗਉ ੪,ਵਾਰ ੧੫:੧ (309)

ਕੋਡ- ਕੌਤਕ, ਤਮਾਸ਼ੇ, ਰੰਗ ਤਮਾਸ਼ੇ

*ਤਿਥੈ ਨਾਦ ਬਿਨੋਦ ਕੋਡ ਅਨੰਦੁ॥

-ਜਪੁ ੧, ੩੬:੨ (7)

ਕੋਰੀ- ਜੁਲਾਹਾ, ਹਿੰਦੂ ਜੁਲਾਹਾ

*ਕੋਰੀ ਕੋ ਕਾਹੂ ਮਰਮੁ ਨ ਜਾਨਾ॥

-ਆਸਾ ਕਬ, ੩੬,੧:੧ (484)*

ਕੋਲੂ- ਤੇਲ ਕੱਢਣ ਦਾ ਯੰਤਰ ਜਾਂ ਮਸ਼ੀਨ

*ਕੋਲੂ ਚਰਖਾ ਚਕੀ ਚਕੁ॥

-ਆਸਾ੧, ਵਾਰ ੫ ਸ, ੧,੨:੧੫ (465)

ਕ੍ਰਮਰਤੁ- ਕਰਮ ਕਾਂਡਾਂ ਵਿਚ ਮਸਤ, ਕਰਮ ਕਾਡਾਂ ਵਿਚ ਰੁੱਝਾ ਹੋਇਆ

*ਕੋਈ ਹੋਆ ਕ੍ਰਮਰਤੁ ਕੋਈ ਤੀਰਥ ਨਾਇਆ॥

-ਧਨਾ ੫,੫੭,੧:੧ (684)

ਖਉਖਟ- ਮਾਲਕਉਸ ਦੇ ਅੱਠ ਪੁੱਤਰਾਂ ਵਿਚੋਂ ਇਕ ਦਾ ਨਾਮ

*ਖਉਖਟ ਅਉ ਭਉਰਾਨਦ ਗਾਏ॥

-ਰਾਗ, ੧:੨੧ (1430)

ਖਗਿ- ਤੀਰ, 'ਖੜਗ' ਦਾ ਸੰਖੇਪ, ਤਲਵਾਰ, ਕਿਰਪਾਨ, ਖੰਡਾ,
*ਨਾਨਕ ਰੋਗ ਦੋਖ ਅਘ, ਮੋਹ ਛਿਦੇ ਹਰਿ ਨਾਮ **ਖਗਿ**॥

-ਸਮੁ ੫, ੧੦:੫ (1389)

ਖੰਨਾ ਸਗਲ ਰੇਨੁ ਛਾਰੀ॥

-ਸੋਰ ੫,੮੦,੧:੨ (628)

*ਖਨਿਅਹੁ ਤਿਖੀ ਬਹੁਤੁ ਪਿਈਨੀ॥

-ਸੂਹੀ ਫਰ, ੧,੪:੨ (794)

ਖਪਰੀ- ਭਿੱਖਿਆ ਦਾ ਭਾਂਡਾ, ਕਾਸਾ, ਖੱਪਰ, ਠੂਠਾਧਾਰੀ, ਬਰਤਨ,
*ਖਲੜੀ **ਖਪਰੀ** ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥

-ਆਸਾ ੧,੩੩,੪:੧ (358)

*ਫੂਟੇ ਖਾਪੁਰ ਦੁਬਿਧਾ ਮਨਸਾ॥

-ਬਿਲਾ ੧, ਥਿਤੀ ੨੦:੪ (840)

ਖਲਾ- ਧੌਂਕਣੀ ਜਿਸ ਨਾਲ ਸੁਨਿਆਰੇ ਫੂਕ ਮਾਰਕੇ ਅੱਗ ਭਖਾਂਦੇ ਹਨ।
*ਭਉ **ਖਲਾ** ਅਗਨਿ ਤਪ ਤਾਉ॥

-ਜਪੁ ੧, ੩੮:੩ (8)

*ਖੜਗ- (ਸੰ.ਖੜਗ-ਤਲਵਾਰ)
*ਜਮ ਪੁਰਿ ਵਜਹਿ **ਖੜਗ** ਕਰਾਰੇ॥

-ਮਾਰੂ੧,੧੨,੪:੨ (993)

*ਮਤਿ ਗੁਰ ਆਤਮ ਦੇਵ ਦੀ **ਖੜਗਿ** ਜੋਰਿ ਪਰਾਕੁਇ ਜੀਅ ਦੈ॥

-ਰਾਮ ਬਸ, ੧:੫ (966)

*ਗੁਰ ਗਿਆਨੁ **ਖੜਗੁ** ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ॥

-ਗਉ ੪, ਕਰ ੨,੭:੨ (235)

ਖਾਇਣ- ਭੋਜਨ, ਖਾਣ ਦਾ ਕੰਮ, ਭੋਜਨ ਖਾਣਾ, ਖੁਰਾਕ,
*ਗੁਰ ਕਾ ਸਬਦੁ ਅੰਮ੍ਰਿਤ ਰਸੁ **ਖਾਇਣ**॥

-ਰਾਮ ੫, ਵਾਰ ੧੧ਸ,੫,੧:੩ (962)

*ਕਲਿ ਹੋਈ ਕੁਤੇ ਮੁਹੀ **ਖਾਜੁ** ਹੋਆ ਮੁਰਦਾਰੁ॥

-ਸਾਰ ੪,ਵਾਰ੧੪ਸ,੧,੧:੧ (1242)

ਖਾਟ- ਚਾਰਪਾਈ, ਪਲੰਘ, ਮੰਜਾ

*ਖਾਟ ਮਾਂਗਉ ਚਉਪਾਈ॥

-ਸੋਰ ਕਬ, ੧੧,੩:੧ (656)

ਖਾਣਾ- ਖਾਦ ਪਦਾਰਥ, ਭੋਜਨ, ਖੁਰਾਕ, ਰੋਟੀ ਆਦਿ ਛਕਣੀ

*ਲੇਖੈ ਬੋਲਣੁ ਬੋਲਣਾ ਲੇਖੈ **ਖਾਣਾ** ਖਾਉ॥

-ਸਿਰੀ ੧,੩,੧:੧ (15)

*ਤਿਸੁ ਵਿਣੁ ਸਭੁ ਅਪਵਿਤ੍ਰ ਹੈ ਜੇਤਾ ਪੈਨਣੁ **ਖਾਣੁ**॥

-ਸਿਰੀ ੧,੫,੪:੨ (16)

*ਜਹਾਂ ਦਾਣੇ ਤਹਾਂ **ਖਾਣੇ** ਨਾਨਕ ਸਚੁ ਹੇ॥

-ਸੋਰ ੪, ਵਾਰ ੨੯ਸ,੨,੨:੨ (653)

ਖਾਤੀ- ਲਕੜੀ ਦਾ ਕੰਮ ਕਰਨ ਵਾਲਾ, ਖੁਦਾਈ ਕਰਨ ਵਾਲਾ, ਤਰਖਾਣ ਭਾਵ ਨੀਵੀਂ ਜਾਤ ਦਾ, ਖੱਤਰੀ, ਗੱਡੇ ਬਣਾਉਣ ਵਾਲਾ

*ਨਾ ਇਹੁ ਬ੍ਰਹਮਨੁ ਨਾ ਇਹੁ **ਖਾਤੀ**॥

-ਗੋਂਡ, ਕਬ, ੫,੨:੪ (871)

ਖਾਨਿ- ਖਾਣਾ, ਸੇਵਨ ਕਰਨਾ, ਭੋਜਨ

*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥

-ਮਾਝ ੨, ਵਾਰ ੧੪ਸ,੧,੧:੨ (144)

*ਫੂਟੇ **ਖਾਪਰੁ** ਭੀਖ ਨ ਭਾਇ॥

-ਰਾਮ ੧, ਅਸ ੨,੩:੩ (903)

ਖਿੰਥੜਿ- ਗੋਦੜੀ, ਖਫਣੀ,

*ਫਰੀਦਾ **ਖਿੰਥੜੀ** ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥

-ਜਪੁ ੧,੨੮:੨ (6)

*ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਇਆ ਕੀਜੈ ਖਿੰਥਾਤਾ॥

-ਗਉ, ੧,੧੫,੧:੧ (155)

ਖਿਧੋਲੜਾ- ਖੰਧੋਲਾ, ਜੁਲਾ, ਕਾਲੇ ਰੰਗ ਦਾ ਚੋਲਾ ਜੋ ਹਾਕਮ ਸਾਹਮਣੇ ਸ਼ਿਕਾਇਤ ਲੈ ਕੇ ਜਾਣ ਸਮੇਂ ਪਾਇਆ ਜਾਂਦਾ ਸੀ।

*ਮਲੁ ਜੂਈ ਭਰਿਆ ਨੀਲਾ ਕਾਲਾ **ਖਿਧੋਲੜਾ** ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥

-ਗਉ ੪, ਵਾਰ ੧੨ਸ,੪,੧:੧ (306)

ਖਿਲਉਨਾ- ਖਿਡੌਨਾ, ਉਹ ਚੀਜ਼ ਜਿਸ ਨਾਲ ਖੇਡਿਆ ਜਾਵੇ

*ਲੋਗਨ ਰਾਮੁ **ਖਿਲਉਨਾ** ਜਾਨਾਂ॥

-ਭੈਰ ਕਬ, ੬,੧:੨ (1158)

ਖੀਚਰੀ- ਖਿਚੜੀ, ਚਾਵਲ ਤੇ ਦਾਲ ਨੂੰ ਰਲਾ ਕੇ ਬਣਾਇਆ ਭੋਜਨ,

*ਕਬੀਰ ਖੂਬੁ ਖਾਨਾ **ਖੀਚਰੀ** ਜਾ ਮਹਿ ਅੰਮ੍ਰਿਤੁ ਲੋਨੁ॥

-ਸਲੋ ਕਬ, ੧੮੮:੧ (1374)

ਖੀਂਧਾ- ਲੇਫ, ਰਜਾਈ, ਜੁੱਲੀ

*ਊਪਰ ਕਉ ਮਾਂਗਉ ਖੀਂਧਾ॥

-ਸੋਰ ਕਬ,੧੧,੩:੩ (656)

ਖੀਰ- (ਫਾ.ਸ਼ੀਰ) ਦੁੱਧ ਵਿਚ ਚਾਵਲ ਪਾ ਕੇ ਬਣਾਇਆ ਮਿੱਠਾ ਭੋਜਨ, ਸ਼ੀਰ, ਤਸਮਈ

*ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥

-ਆਸਾ ਨਾਮ, ੨,੩:੧ (485)

*ਲੰਗਰਿ ਚਉਲਤਿ ਵੰਡੀਐ ਰਸੁ ਅੰਮ੍ਰਿਤ **ਖੀਰਿ** ਘਿਆਲੀ॥

-ਰਾਮ ਬਸ, ਵਾਰ ੩:੯ (967)

*ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ **ਖੀਰਾ**॥

-ਟੋਡੀ ੫,੫,੪:੨ (713)

***ਖੀਰੁ** ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ॥

-ਸਿਰੀ ੧, ਪਹਿ੨,੧:੨ (75)

*ਹਰਿ ਸੇਤੀ ਮਨੁ ਬੇਧਿਆ ਮੇਰੀ ਜਿੰਦੁੜੀਏ ਜਿਉ ਬਾਲਕ ਲਗਿ ਦੁਧ **ਖੀਰੇ** ਰਾਮ॥

-ਬਿਹਾ ੪, ਛੰਤ ੨,੨:੧ (538)

*ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ **ਖੀਰੈ** ਰਹਨੁ ਨ ਜਾਈ॥

-ਮਲਾ ੫,੨,੧:੧ (1266)

ਖੁੰਬਿ- ਧੋਬੀ ਦੀ ਭੱਠੀ, ਧੋਬੀ ਦਾ ਉਹ ਬਰਤਨ ਜਿਸ ਵਿਚ ਖਾਰਾ ਪਾਣੀ ਪਾ ਉਪਰ ਕਪੜੇ ਰੱਖ ਕੇ ਤੇਜ਼ ਭਾਪ ਦਿੰਦਾ ਹੈ ਤਾਂ ਜੋ ਮੈਲ ਨਿਕਲ ਜਾਵੇ।

*ਭੈ ਵਿਚਿ **ਖੁੰਬਿ** ਚੜਾਈਐ ਸਰਮੁ ਪਾਹੁ ਤਨਿ ਹੋਇ॥

-ਆਸਾ ੨,ਵਾਰ ੧੧ਸ, ੧,੧:੫ (468)

ਖ਼ੁਰਗੀਰ- (ਫਾ.ਖ਼ੈਵ-ਪਸੀਨਾ)ਪਸੀਨਾ ਜਜ਼ਬ ਕਰਨ ਵਾਲਾ ਨਮਦਾ ਜੋ ਕਾਠੀ ਦੇ ਹੇਠਾਂ ਪਾਈਦਾ ਹੈ, ਤਾਹਰੂ, ਨਮਦਾ,

*ਤਿਨ ਕੇ ਤੁਰੇ ਜੀਨ **ਖੁਰਗੀਰ** ਸਭਿ ਪਵਿਤੁ ਹੈ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥

-ਸੋਰ 8, ਵਾਰ ੧੬:੩ (648)

***ਖੇਪ**- (ਸੰ:ਖੇਪ-ਭੇਜਣਾ) ਵਣਜ ਦਾ ਮਾਲ, ਵਪਾਰ ਲਈ ਲਦਿਆ ਮਾਲ, ਸੌਦਾਗਰੀ ਮਾਲ

*ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ **ਖੇਪ** ਸਵਲੀ॥

-ਸਿਰੀ ੫, ਛੰਤ ੨, ੩:੧ (79)

ਖੇਲ- ਖੇਡ, ਤਮਾਸ਼ਾ, ਮੌਜ ਮਸਤੀ

*ਤੂੰ ਆਪੇ **ਖੇਲ** ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ॥

-ਮਾਝ੧, ਵਾਰ੨ਸ,੨,੨:੫ (138)

*ਬਬੈ ਬਾਜੀ **ਖੇਲਣ** ਲਾਗਾ ਚਉਪੜਿ ਕੀਤੇ ਚਾਰਿ ਜੁਗਾ॥

-ਆਸਾ੧, ਪਟੀ ੨੬:੧ (433)

*ਹਉਮੈ ਚਉਪੜਿ **ਖੇਲਣਾ** ਝੂਠੇ ਅਹੰਕਾਰਾ॥

-ਆਸਾ ੧, ਅਸ ੨੨,੫:੧ (422)

*ਪ੍ਰਭ ਸੰਗੀ ਮਿਲਿ **ਖੇਲਨ** ਲਾਗ॥

-ਬਸੰ ੫,੧,੨:੨ (1180)

ਖੇਵਟ- ਮਲਾਹ, ਬੇੜੀ ਚਲਾਣ ਵਾਲਾ, ਕਿਸ਼ਤੀ ਚਲਾਣ ਵਾਲਾ, ਬਾਦਬਾਨ,

*ਜਿਮੀ ਪੁਛੈ ਅਸਮਾਨ ਫਰੀਦਾ **ਖੇਵਟ** ਕਿੰਨਿ ਗਏ॥

-ਆਸਾ ਫਰ, ੨,੮:੧ (488)

*ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ **ਖੇਵਟੁ** ਵਿਚਿ ਪਾਇ॥

-ਗਉ ੩, ਛੰਤ ੪, ੧:੨ (245)

*ਵੰਝੀ ਹਾਥਿ ਨ **ਖੇਵਟੂ** ਜਲੁ ਸਾਗਰੁ ਅਸਰਾਲੁ॥

-ਮਾਰੂ ੧, ਅਸ ੨,੧:੩ (1009)

*ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ **ਖੇਵਾਟੁ**॥

-ਗੂਜ ੩, ਵਾਰ ੨੨:੩ (517)

ਗਉਰਾ- ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ,

*ਗਉਰਾ ਆਓ ਕਾਨਰਾ ਕਲ੍ਯਾਨਾ॥

-ਰਾਗ ੧,੩੮ (1430)

ਗਉੜੀ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਤੀਜਾ ਰਾਗ, ਦਿਨ ਦੇ ਚੌਥੇ ਪਹਿਰ ਦਾ ਰਾਗ ਹੈ।

***ਗਉੜੀ** ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥

-ਗਉ ੪,ਵਾਰ ੨੦ਸ,੩,੧:੧ (311)

ਗਹਣਾ- ਜ਼ੇਵਰ, ਭੂਸ਼ਨ, ਗਹਿਣਾ

*ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥

-ਮਾਝ ੫, ੪੦,੩:੧ (106)

***ਗਹਣੇ** ਪਉਣੁ ਪਾਣੀ ਬੈਸੰਤੁਰ ਚੰਦੁ ਸੂਰਜੁ ਅਵਤਾਰ॥

-ਆਸਾ ੧, ਵਾਰ ੫ ਸ,੧,੧:੨ (465)

*ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ **ਗਹਨਈਆ**॥

-ਬਿਲਾ ੪, ਅਸ ੫,੬:੧ (836)

*ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥

-ਸੂਹੀ ੫,੪,੨:੩ (737)

ਗਗਰੀ- ਗਾਗਰ, ਪਾਣੀ ਭਰਨ ਦੀ ਇਕ ਵਸਤੂ

*ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ॥

-ਬਿਲਾ ਕਬ, ੬,੧:੧ (856)

*ਅੰਤ ਕੀ ਬਾਰ **ਗਗਰੀਆ** ਫੋਰੀ।

-ਗਉ ਕਬ, ੬੦,੩:੨ (337)

ਗੰਗਾ- ਇਕ ਦਰਿਆ, ਜਿਸ ਨੂੰ ਹਿੰਦੂਆਂ ਵਿਚ ਪਵਿੱਤਰ ਮੰਨਿਆ ਜਾਂਦਾ ਹੈ।

*ਤਿਨ ਨਿੰਦਹਿ ਜਿਹ **ਗੰਗਾ** ਆਨੀ॥

-ਗਉ ਕਬ, ੪੪, ੨:੨ (332)

***ਗੰਗ** ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥

-ਆਸਾ ੧,੩੨,੩:੧ (358)

***ਗੰਗਾਜਲੁ** ਗੁਰ ਗੋਬਿੰਦ ਨਾਮ॥

-ਭੈਰ ੫,੮,੧:੧ (1137)*

ਗਜਧਰ- ਮੇਘ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ ਦਾ ਨਾਮ,
*ਬੈਰਾਧਰ **ਗਜਧਰ** ਕੇਦਾਰਾ॥

-ਰਾਗ ੧:੫੫ (1430)

ਗਡਵੈ- ਲੋਟਾ, ਗੜਵਾ, ਇਕ ਭਾਂਡਾ
*ਦੂਧੁ ਕਟੋਰੈ **ਗਡਵੈ** ਪਾਨੀ॥

-ਭੈਰ ਨਾਮ, ੩,੧:੧ (1163)

ਗਢ- ਕਿਲ੍ਹਾ, ਦੁਰਗ,ਗੜ੍ਹ
*ਸਾਸਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ **ਗਢ** ਕੋ ਰਾਜਾ॥

-ਭੈਰ ਕਬ, ੧੭,੫:੨ (1162)

*ਲੰਕਾ **ਗਢੁ** ਸੋਨੇ ਕਾ ਭਇਆ॥

-ਭੈਰ ਕਬ, ੨, ੩:੧ (1158)

ਗੰਧਾਰੀ- ਰਾਗ ਮਾਲਕਉਸ ਦੀਆਂ ਪੰਜ ਰਾਗਨੀਆਂ ਵਿਚ ਇਕ।
***ਗੰਧਾਰੀ** ਸੀਹੁਤੀ ਉਚਾਰੀ॥

-ਰਾਗ ੧:੧੬ (1429)

ਗਯੰਦ- ਇਕ ਭੱਟ ਜਿਸ ਦੇ 13 ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।
*ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ **ਗਯੰਦ** ਸਤਿਗੁਰੂ ਸਤਿਗੁਰੂ ਗੋਬਿੰਦ ਜੀਉ॥

-ਸਵ ੪, ਗਯੰ ੯:੫ (1403)

ਗਰੁੜਾਰੀ- ਗਾਰੁੜ ਮੰਤਰ, ਸੱਪ ਦੇ ਜ਼ਹਿਰ ਦੇ ਅਸਰ ਨੂੰ ਦੂਰ ਕਰਨ ਵਾਲਾ ਮੰਤਰ
*ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੂਖਿ **ਗਰੁੜਾਰੀ**॥

-ਸਾਰ ੫,੨੫,੧:੧ (1209)

***ਗਰੁੜ** ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ॥

-ਮਲਾ ੩,੯,੧:੨ (1260)

ਗੜ- ਕਿਲ੍ਹਾ, ਕੋਟ ਦੁਰਗ, ਹੋਰ ਦੇਖੋ 'ਗਢ'
*ਹਾਟ ਪਟਣ **ਗੜ** ਕੋਠੜੀ ਸਚੁ ਸਉਦਾ ਵਾਪਾਰ॥

-ਸਿਰੀ ੧, ਅਸ ੭,੨:੩ (57)

*ਕਊ ਬਿਖਮ **ਗਾਰ** ਤੇਰੈ॥

-ਆਸਾ ੫,੧੫੪,੧:੧ (408)*

*ਬਿਨਾ ਪਉੜੀ **ਗੜਿ** ਕਿਉ ਚੜਾਉ ਗੁਰ ਹਰਿ ਧਿਆਨ ਨਿਹਾਲ॥

-ਸਿਰੀ ੧,੯,੨:੩ (17)

*ਆਤਮ **ਗੜੁ** ਬਿਖਮੁ ਤਿਨਾ ਹੀ ਜੀਤਾ॥

-ਮਾਝ ੫,੧੮,੩:੨ (99)

***ਗੜ੍ਹਿ** ਕਾਇਆ ਸੀਗਾਰ ਬਹੁਤ ਭਾਂਤਿ ਬਣਾਂਈ॥

-ਸਾਰ ੪, ਵਾਰ ੨੪:੧ (1246)

ਗਾਇਣ- ਸੁਰਾਂ, ਗਉਣਾ, ਗੀਤ, ਰਾਗ

*ਕਬ ਕੋਊ ਮੇਲੈ ਪੰਚ ਸਤ **ਗਾਇਣ** ਕਬ ਕੋ ਰਾਗ ਧੁਨਿ ਉਠਾਵੈ॥

-ਆਸਾ੪,੬੨,੨:੧ (368)

ਗਾਇਤ੍ਰੀ- ਹਿੰਦੂਆਂ ਦਾ ਮਹਾਂ ਮੰਤਰ ਜਿਸ ਦਾ ਜਾਪ ਕੇਵਲ ਬ੍ਰਾਹਮਣ, ਖੱਤਰੀ ਤੇ ਵੈਸ਼ ਹੀ ਕਰ ਸਕਦੇ ਹਨ, ਇਸ ਨੂੰ ਸਾਵਿਤਰੀ ਵੀ ਕਹਿੰਦੇ ਹਨ।

*ਤੁਮ੍ ਤਉ ਬੇਦ ਪੜਹੁ **ਗਾਇਤ੍ਰੀ** ਗੋਬਿਦੂ ਰਿਦੈ ਹਮਾਰੇ॥

-ਆਸਾ ਕਬ, ੨੬,੧:੨ (482)

ਗਾਡੋ- ਗਡਾ, ਦੋ ਪਹੀਆਂ ਵਾਲਾ ਬਲਦਾਂ ਵੱਲੋਂ ਖਿੱਚਿਆ ਜਾਣ ਵਾਲਾ ਵਾਹਨ, ਭਾਰ ਢੋਣ ਵਾਲੀ ਗੱਡੀ, ਛਕੜਾ

*ਧਰ ਤੂਟੀ **ਗਾਡੋ** ਸਿਰ ਭਾਰਿ॥

-ਰਾਮ ੧,੧੧,੨:੩ (879)

ਗਾਰੜੁ- ਸਪ ਦੀ ਵਿਹੁ ਦੂਰ ਕਰਨ ਵਾਲਾ ਮੰਤਰ ਭਾਵ ਗੁਰਸ਼ਬਦ ਮੰਤਰ

*ਗੁਰਮੁਖਿ ਕੋਈ **ਗਾਰੜੂ** ਤਿਨਿ ਮਲਿ ਦਲਿ ਲਾਈ ਪਾਇ॥

-ਗੂਜ ੩,ਵਾਰ ੫ ਸ,੩,੨:੩ (510)

*ਗੁਰਮੁਖਿ **ਗਾਰੜੁ** ਜੇ ਸੁਣੇ ਮੰਨੇ ਨਾਉ ਸੰਤੋਖ॥

-ਮਾਰੂ ੧, ਅਸ ੨,੪:੩ (1009)

*ਦਸਨ ਬਿਹੂਨ ਭੁਯੰਗ ਮੰਤ੍ਰੰ **ਗਾਰੁੜੀ** ਨਿਵਾਰੰ॥

-ਗਾਥਾ ੫,੧੬:੧ (1361)

*ਤਾੜੈ **ਗਾਰੁਣ** ਤੁਮ ਸੁਹੁ ਹਰਿ ਵਸੈ ਮਨ ਮਾਹਿ॥

-ਰਾਮ੧, ਓਅੰ ੪੭:੩ (936)

ਗੀਅ- ਗੀਤ ਰਸ, ਰਾਗ

*ਇਕਨਾ ਨਾਦ ਨ ਬੇਦੁ ਨ ਗੀਅ ਰਸੁ ਰਸ ਕਸ ਨ ਜਾਣੰਤਿ॥

-ਸਾਰ ੪,ਵਾਰ ੨੨ਸ ੧,੨:੪ (1246)

ਗੁਸਲ- (ਅ.ਗੁਸਲ)ਇਸ਼ਨਾਨ, ਮਜਨ, ਨ੍ਹਾਉਣ ਦੀ ਕਿਰਿਆ

*ਅਸਮਾਨ ਮਿ੍ਆਨੇ ਲਹੰਗ ਦਰੀਆ **ਗੁਸਲ** ਕਰਦਨ ਬੂਦ।

-ਤਿਲੰ ਕਬ, ੧,੩:੧ (727)

ਗੁੰਡ- ਸਿਰੀ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ

*ਅਸਟ ਪੁਤ੍ਰ ਸ੍ਰੀਰਾਗ ਕੇ **ਗੁੰਡ** ਕੁੰਭ ਹਮੀਰ॥

-ਰਾਗੁ ੧:੪੮ (1430)

ਗੁਦੜੁ- ਗੋਦੜਾ, ਲੀਰਾਂ ਦਾ ਕੱਪੜਾ, ਜੁੱਲਾ, ਫਟੇ ਪੁਰਾਣੇ ਕਪੜੇ

*ਜਿਨ੍ ਪਟੁ ਅੰਦਰਿ ਬਾਹਰਿ **ਗੁਦੜੁ** ਤੇ ਭੁਲੇ ਸੰਸਾਰਿ॥

-ਆਸਾ੧, ਵਾਰ੨੦ਸ,੧,੨:੩ (473)

*ਕਾਇਆ ਕੂਮਲ ਫੁਲ ਗੁਣ ਨਾਨਕ **ਗੁਪਸਿ** ਮਾਲ॥

-ਸੂਹੀ ੩ ਵਾਰ, ੧੮ਸ,੧,੧:੧ (791)

*ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ॥

-ਗਾਥਾ ੫,੬:੧ (1360)

*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥

-ਗਉ ੫, ਵਾਰ ੧,੧:੪ (320)

*ਪੰਕਜ ਫਾਥੇ ਪੰਕ ਮਹਾ ਮਦ **ਗੁੰਫਿਆ**॥

-ਫੁਨ ੫,੧੫:੧ (1363)

ਗੁਰਜ- (ਫਾ.ਗੁਰਜ਼) ਗਦਾ, ਹਥਿਆਰ, ਲੋਹੇ ਦਾ ਇਕ ਸ਼ਸ਼ਤਰ, ਲੋਹੇ ਦਾ ਮੁਦਗਰ

-ਪਿਤਾ ਪ੍ਰਹਲਾਦ ਸਿਉ **ਗੁਰਜ** ਉਠਾਈ॥

-ਭੈਰ ੩,ਅਸ ੧,੮:੧ (1154)

ਗੇਰੂ- ਗੇਰੂ ਰੰਗ ਦੇ, ਲਾਲ ਰੰਗ ਦੀ ਮਿੱਟੀ, ਸੂਤ ਆਦਿ ਨੂੰ ਰੰਗਣ ਵਾਲੀ ਮਿੱਟੀ

*ਘੋਲੀ **ਗੇਰੂ** ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ॥

-ਮਾਰੂ ੧, ਅਸ੭, ੨:੧ (1012)

*ਧੂੰਅਰ ਤਾਪ **ਗੇਰੀ** ਕੇ ਬਸਤ੍ਰਾ॥

-ਪ੍ਰਭਾ ੫, ਅਸ ੨,੪:੧ (1348)

ਗੌਂਡ- ਇਕ ਰਾਗ, ਜੋ ਦਿਨ ਦੇ ਤੀਜੇ ਪਹਿਰੇ ਗਾਇਆ ਜਾਂਦਾ ਹੈ। ਸਿਰੀ ਰਾਗ ਦੇ ਪੰਜ ਪੱਤਰਾਂ ਵਿਚੋਂ ਇਕ,

*ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ॥

-ਰਾਮ ੧:੪੭ (1430)

ਗੌਂਡਕਰੀ- ਇਕ ਰਾਗ, ਰਾਗ ਮਾਲਕਉਸਕ ਦੀਆਂ ਪੰਜ ਰਾਗਨੀਆਂ ਵਿਚੋਂ ਇਕ।

*ਗੋਂਡਕਰੀ ਅਰੁ ਦੇਵ ਗੰਧਾਰੀ॥

-ਰਾਗ ੧,੧੫ (1429)

ਗੋਦਰੀ- ਗੋਦੜੀ

*ਕਾਹੂ ਗਰੀ **ਗੋਦਰੀ** ਨਾਹੀ ਕਾਹੂ ਖਾਨ ਪਰਾਰਾ॥

-ਆਸਾ ਕਬ, ੧੬,੧:੨ (479)

ਗ੍ਰਸ- ਖਾਣਾ, ਨਿਗਲਣਾ

*ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ **ਗ੍ਰਸ** ਸੰਸਾਰ॥

-ਸਾਰ ੫,੧੨੯, ੧*:੨ (1229)

ਘੜਾ- ਘਟ, ਕੁੰਭ, ਮਿੱਟੀ ਦਾ ਪਾਣੀ ਭਰਕੇ ਰੱਖਣ ਵਾਲਾ ਬਰਤਨ, ਕਲਸ਼,

*ਕੰਧਿ ਕੁਹਾੜਾ ਸਿਰਿ **ਘੜਾ** ਵਣਿ ਕੈ ਸਰੁ ਲੋਹਾਰੁ॥

-ਸਲੋ ਫਰ, ੪੨:੧ (1380)

*ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ॥

-ਗੂਜ ਨਾਮ, ੨,੩:੧ (525)

ਘਾਘਰੈ- ਘਘਰਾ, ਇਕ ਪਹਿਰਾਵਾ, ਲਹਿੰਗਾ,

*ਕਬੀਰ ਪਰਦੇਸੀ ਕੈ **ਘਾਘਰੈ** ਚਹੁ ਦਿਸਿ ਲਾਗੀ ਆਗਿ॥

-ਸਲੋ ਕਬ, ੪੭:੧ (1366)

ਘਿਉ- ਘੀ, ਥਿੰਧਾ, ਪੰਘਾਰਿਆ ਹੋਇਆ ਮੱਖਣ

*ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ॥

-ਮਾਝ ੧,ਵਾਰ ੧੦ ਸ,੧,੨:੩ (142)

***ਘਿਅ** ਪਟ ਭਾਂਡਾ ਕਹੈ ਨ ਕੋਇ॥

-ਤਿਲੰ ੧,੨,੩:੨ (721)

*ਤਿਤੁ **ਘਿਇ** ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥

-ਮਾਝ੧, ਵਾਰ ੨੬ਸ,੧,੧:੨੨ (150)

*ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥

-ਆਸਾ ੧, ਵਾਰ ੧੯ਸ,੧,੧:੫ (473)

*ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ॥

-ਮਾਝ ੧,ਵਾਰ ੯ਸ,੧,੧:੧ (141)

*ਧੂਪ ਦੀਪ ਘ੍ਰਿਤ ਸਾਜਿ ਆਰਤੀ॥

-ਸਨਾ ਸੈਣਿ, ੧,੧:੧ (695)

*ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥

-ਸੋਰ ੫,੨੯,੧:੧ (617)

ਘੂਘਰ- ਘੁੰਘਰੂ, ਘੁੰਗਰੂ

*ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ **ਘੂਘਰ** ਸਾਜਾ॥

-ਰਾਮ ੫,੭,੧:੩ (884)

*ਘੂੰਘਰ ਖੜਕੁ ਤਿਆਗਿ ਵਿਸੂਰੇ॥

-ਰਾਮ ੫,੮,੩:੨ (885)

ਚਉਪੜਿ- ਇਕ ਖੇਡ ਜੋ ਚਾਰ ਪੰਜਿਆਂ ਵਾਲੇ ਕੱਪੜੇ ਉਪਰ ਖਾਨੇ ਬਣਾ ਕੇ ਖੇਡੀ ਜਾਂਦੀ ਹੈ।

*ਹਉਮੈ **ਚਉਪੜਿ** ਖੇਲਣਾ ਝੂਠੇ ਅਹੰਕਾਰਾ॥

-ਆਸਾ੧, ਅਸਟ੨੨,੫:੧ (422)

ਚਉਪਾਈ- ਚਾਰ ਪਾਵਿਆਂ ਵਾਲੀ

*ਖਾਟ ਮਾਂਗਉ **ਚਉਪਾਈ**॥

-ਸੋਰ ਕਬ, ੧੧,੩:੧ (656)

ਚਸਮੇ- (ਫਾ.ਚਸ਼ਮ) ਐਨਕਾਂ

*ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ॥

-ਤਿਲੰ ਕਬ, ੧,੩:੨ (727)

ਚਕਹੁ- ਚਕ ਉਪਰ, ਕੁਮਿਹਾਰ ਦਾ ਉਹ ਪਹੀਆ ਜਿਸ ਉਪਰ ਉਹ ਬਰਤਨਾਂ ਨੂੰ ਘੜਦਾ/ਸ਼ਕਲ ਦਿੰਦਾ ਹੈ।

*ਕਰਣੀ ਤੇ ਕਰਿ ਚਕਹੁ ਢਾਲਿ॥

-ਰਾਮ ੧,੭,੨:੩ (878)

ਚਕੀ- ਪੱਥਰ ਦੇ ਪੁੜ ਜਿਨ੍ਹਾਂ ਵਿਚ ਦਾਣੇ ਪੀਸੇ ਜਾਂ ਦਲੇ ਜਾਂਦੇ ਹਨ।

*ਦੁਇ ਪੁੜ **ਚਕੀ** ਜੋੜਿ ਕੈ ਪੀਸਣ ਆਇ ਬਹਿਠੁ॥

-ਮਾਝ ੧,ਵਾਰ ੧੧ਸ,੧,੧:੩ (142)

***ਚਾਕੀ** ਚਾਟਹਿ ਚੂਨੁ ਖਾਹਿ॥

-ਬਸੰ ਕਬ, ੧,੨:੧ (1196)

ਚਕੁ- ਘੁਮਿਆਰ ਦਾ ਪਹੀਆ

*ਖਿਨੁ ਪੂਰਬਿ ਖਿਨ ਪਛਮਿ ਛਾਏ ਜਿਉ **ਚਕੁ** ਕਮਿਆਰਿ ਭਵਾਇਆ॥

-ਆਸਾ ੪, ਛੰਤ ੮,੨:੪ (442)

ਚਟਿ- ਜੀਭ ਨਾਲ ਖਾਣਾ, ਸੁਆਦ ਲਾ ਕੇ ਖਾਣਾ, ਲਕਣਾ

*ਰਤੁ ਪਿਤੁ ਕੁਤਿਹੋ **ਚਟਿ** ਜਾਹੁ॥

-ਮਲਾ ੧,ਵਾਰ ੨੨ ਸ, ੧,੨:੮ (1288)

ਚਨਣਾਠੀਆ- ਚੰਦਨ ਦੀ ਲਕੜੀ ਦਾ ਟੁਕੜਾ

*ਤੇਰਾ ਨਾਮੁ ਕਰੀ **ਚਨਣਾਠੀਆ** ਜੇ ਮਨੁ ਉਰਸਾ ਹੋਇ॥

-ਗੂਜ ੧,੧:੧ (489)

ਚੰਪਕ- ਇਕ ਰਾਗ, ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ

*ਕਮਲ ਕੁਸਮ **ਚੰਪਕ** ਕੇ ਨਾਮਾ॥

-ਰਾਗ ੧:੩੮ (1430)

ਚਮਈਆ- ਚਮੜੇ ਦਾ ਧੰਧਾ ਕਰਨ ਵਾਲਾ, ਚਮਿਆਰ, ਇਕ ਜਾਤੀ

*ਨਾਮਾ ਜੈ ਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ **ਚਮਈਆ**॥

-ਬਿਲਾ ੪, ਅਸ ੪,੭:੧ (835)

*ਚਮਰਟਾ ਗਾਂਠਿ ਨ ਜਨਈ॥

-ਸੋਰ ਰਵਿ, ੭,੧:੧ (659)*

*ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ **ਚਮਾਰ**॥

-ਗਉ ਰਵਿ, ੧,੪:੨ (346)

*ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

-ਮਲਾ ਰਵਿ, ੧:੧ (1293)*

*ਕਹਿ ਰਵਿਦਾਸ ਖਲਾਸ **ਚਮਾਰਾ**॥

-ਗਉ ਰਵਿ, ੨,੩:੩ (345)

*ਰਵਿਦਾਸ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥

-ਸੂਹੀ ੪,੮,੨:੧ (733)

*ਨਾਮਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ॥

-ਗੂਜ ੫,੧੦,੨:੨ (498)

ਚਰਖਾ- ਰੂੰ, ਸੂਤ, ਕੱਤਣ ਦਾ ਜੰਤਰ।

*ਕੋਲੂ **ਚਰਖਾ** ਚਕੀ ਚਕੁ॥

-ਆਸਾ ੧,ਵਾਰ ਪਸ, ੧,੨:੧੫ (465)

ਚਲੂਲ- (ਫ਼ਾ.ਚੂੰ ਲਾਲ) ਲਾਲ ਰੰਗ ਦੇ ਹੀਰੇ ਵਰਗਾ, ਗੂੜ੍ਹੇ ਲਾਲ ਰੰਗ ਦਾ, ਮੋਤੀ ਜਿਹੀ ਚਮਕ ਵਾਲਾ, ਮੋਤੀ ਤੁਲ

*ਬਸਤ੍ਰ ਹਮਾਰੇ ਰੰਗਿ **ਚਲੂਲ**॥

-ਆਸਾ ੫,੭,੩:੧ (372)

ਚਵਰ- ਚੋਰ, ਚਾਮਰ

*ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ **ਚਵਰ** ਢੋਲਾਰੇ॥

-ਧਨਾ ਰਵਿ, ੩,੩:੨ (694)

*ਜਾ ਕਾ **ਚਵਰੁ** ਸਭ ਊਪਰਿ ਝੂਲੈ॥

-ਆਸਾ ੫,੯੦,੨:੩ (393)

*ਧੂਪੁ ਮਲਆਨਲੋ ਪਵਣੁ **ਚਵਰੋ** ਕਰੇ ਸਗਲ ਬਨਰਾਇ ਫੂਲੰਤ ਜੋਤੀ॥

-ਧਨਾ ੨,੯,੧:੨ (663)

ਚਾਮ- ਚੰਮ, ਚਮੜੀ

*ਬਿਸਤਾ ਅਸਤ ਰਕਤੁ ਪਰੇਟੇ **ਚਾਮ**॥

-ਆਸਾ ੫,੧੪,੩:੧ (374)

*ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ॥

-ਸਾਰ ੫,੬੧,੧*:੨ (1216)

*ਤਾ ਕੇ ਪਗ ਕੀ ਪਾਹਨੀ ਮੇਰੇ ਤਨ ਕੋ ਚਾਮੁ॥

-ਸਲੋ ਕਬ, ੬੩:੨ (1367)

ਚਾਲ- ਮਰਯਾਦਾ, ਰੀਤ, ਜੀਵਨਜਾਂਚ, ਤਰਜ਼ੇ ਜ਼ਿੰਦਗੀ

*ਭਗਤਾ ਕੀ **ਚਾਲ** ਨਿਰਾਲੀ।

-ਰਾਮ ੩, ਅਨੰ ੧੪:੧ (918)

*ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥

-ਧਨਾ੪,੪,੧:੧ (667)

ਚਾਵਰ- ਚੌਰੀ ਕਰਨ ਵਾਲਾ,

*ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹੁਤੀ ਜਾਤ ਰਿਦੈ ਨ ਬਿਚਾਰਹੁ॥

-ਸਮੁ ੫,੫*:੨ (1388)

ਚਿਟਵੀਆਹ- ਸੁਫੈਦ, ਚਿੱਟੀ ਦੁੱਧ ਵਰਗੀਆਂ

*ਮਨਹੁ ਕੁਸੁਧਾ ਕਾਲੀਆਂ ਬਾਹਰਿ ਚਿਟਵੀਆਹ॥

-ਸਿਰੀ੪,ਵਾਰ੭ਸ,੧,੨:੨ (85)

***ਚਿਟੇ** ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ॥

-ਸੂਹੀ ੧, ਅਸ ੨,੩:੧ (751)

ਚਿਤਕਾਰੀ- ਚਿਤ੍ਰਕਾਰ/ਬਣਾਉਣ ਵਾਲਾ ਨੂੰ

*ਤਜਿ ਚਿਤ੍ਰੈ ਚੇਤਹੁ ਚਿਤਕਾਰੀ॥

-ਗਉ ਕਬ, ਬਾਅ ੧੧:੨ (340)

ਚਿਤਗੁਪਤ- ਜੀਵਾਂ ਦੇ ਚੰਗੇ ਬੁਰੇ ਕਰਮਾਂ ਦਾ ਲੇਖਾ ਰੱਖਣ ਵਾਲੇ ਦੇਵਤੇ

***ਚਿਤ ਗੁਪਤ** ਕਰਮਹਿ ਜਾਨ॥

-ਬਿਲ ੫,ਅਸ ੨,੩:੪ (838)

ਚਿਤ੍ਰ- ਤਸਵੀਰ, ਚਿਤਰੀ ਹੋਈ, ਮੂਰਤ, ਨਕਸ਼ਾ, ਦ੍ਰਿਸ਼

*ਰਚਾ ਰਚਿਤ **ਚਿਤ੍ਰ** ਹੈ ਭਾਰੀ॥

-ਗਉ ਕਬ, ਬਾਅ ੧,੨:੧ (340)

*ਨਾਨਕ ਮੂਰਤਿ **ਚਿਤ੍ਰ** ਜਿਉ ਛਾਡਿਤ ਨਾਹਿਨ ਭੀਤਿ॥

-ਸਲੋ ੯,੩੭:੨ (1428)

***ਚਿਤ੍ਰਸਾਲ** ਸੁੰਦਰ ਬਾਗ ਮੰਦਰ ਸੰਗਿ ਨ ਕਛਹੂ ਜਾਇਆ॥

-ਗੂਜ ੫,੮,੧:੨ (497)

*ਜਾਂ ਚੈ ਘਰਿ ਦਿਸ ਦਿਸੈ ਸਰਾਇਚਾ ਬੈਕੁੰਠ ਭਵਨ **ਚਿਤ੍ਰਸਾਲਾ** ਸਪਤ ਲੋਕ ਸਾਮਾਨਿ ਪੂਰੀਅਲੇ॥

-ਮਲਾ ਨਾਮ, ੧,੧:੧ (1292)

ਚਿਤ੍ਰਗੁਪਤ- ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਕਿਤਾਬ ਰੱਖਣ ਵਾਲੇ ਦੇਵਤੇ

*ਚਿਤ੍ਰਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ॥

-ਸਿਰੀ ੫,ਛੰਤ ੨,੩:੫ (79)

*ਲੇਖਾ **ਚਿਤ੍ਰਗੁਪਤਿ** ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ॥

-ਧਨਾ ੪,੬,੨:੨ (668)

***ਚਿਤ੍ਰ ਗੁਪਤੁ** ਜਬ ਲੇਖਾ ਮਾਗਹਿ ਤਬ ਕਉਣ ਪੜਦਾ ਤੇਰਾ ਢਾਕੈ॥

-ਸੋਰ ੫,੨੬,੩:੨ (616)

ਚੀਜੁ- ਪਦਾਰਥ, ਵਸਤ

*ਏਕੁ **ਚੀਜੁ** ਮੁਝੈ ਦੇਹਿ ਅਵਰ ਜਹਰ ਚੀਜ਼ ਨ ਭਾਇਆ॥

-ਮਲਾ ੧, ਵਾਰ੨੭ਸ, ੧੨:੪ (1291)

ਚਿਤਨਹਾਰੇ- ਚਿਤ੍ਰਕਾਰ ਨੇ, ਚਿਤਰਣ ਵਾਲੇ ਨੇ

*ਕਿਨਿ ਓਇ ਚੀਤੇ **ਚੀਤਨਹਾਰੇ**॥

-ਗਉ ਕਬ, ੨੮,੧:੩ (329)

ਚੀਥਰਾ- ਪਰੋਲੀ, ਪੂੰਝਨ ਵਾਲੀ ਲੀਰ, ਫਟਿਆ ਹੋਇਆ ਕੱਪੜਾ

*ਚਾਕੀ ਕਾ **ਚੀਥਰਾ** ਕਹਾਂ ਲੈ ਜਾਹਿ॥

-ਬਸੰ ਕਬ, ੧,੨:੨ (1196)

ਚੀਰ- ਕੱਪੜਾ, ਵਸਤ੍ਰ, ਲਿਬਾਸ

*ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ **ਚੀਰ**॥

-ਗੂਜ ੫,ਅਸ ੨,੬:੧(508)

*ਕਾਇਆ ਕਚੀ ਕਚਾ **ਚੀਰੁ** ਹੰਢਾਏ॥

-ਮਾਝ ੩, ਅਸ ੫,੨:੧ (111)

ਚੁਰਾਇਆ- ਚੋਰੀ ਕੀਤੀ

*ਹਮ ਅਪਰਾਧ ਪਾਪ ਬਹੁ ਕਨੇ ਕਰਿ ਦੁਸਟੀ ਚੋਰ **ਚੁਰਾਇਆ**॥

-ਗਉ ੪,੬੩,੪:੧ (172)

*ਕਾਹੂ ਬਿਹਾਵੈ ਪਰ ਦਰਬ **ਚੋਰਾਏ**॥

-ਰਾਮ ੫, ਅਸ ੩,੩:੩ (914)

ਚੁਲੰਭੁ- ਗੂੜ੍ਹੇ ਲਾਲ ਰੰਗ ਦਾ

*ਮਨ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥

-ਸੂਹੀ ੨, ਅਸ ੩,੧:੨ (751)

ਚੂਹੜਾ- ਮਲ/ਕੂੜਾ ਹੂੰਝਨ ਅਥਵਾ ਚੁਕਣ ਵਾਲਾ, ਪਛੜੀਆਂ ਸ਼ਰੇਣੀਆਂ ਦਾ ਕਾਮਾ

*ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥

-ਸਿਰੀ ੧,੪,੧:੧ (15)

ਚੂਹੜੀ- ਮਲ/ਕੂੜਾ ਹੂੰਝਨ ਅਥਵਾ ਚੁੱਕਣ ਵਾਲੀ ਇਸਤ੍ਰੀ, ਚੂਹੜੇ ਦਾ 'ਇਸਤ੍ਰੀ ਲਿੰਗ'

*ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥

-ਸਿਰੀ ੪, ਵਾਰ ੨੦ਸ, ੧,੧:੧ (91)

ਚੂਨ- ਆਟਾ, ਇਕ ਖਾਣ ਦਾ ਪਦਾਰਥ, ਚੂਰਾ,

*ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ॥

-ਸਲੋ ਕਬ, ੫੭:੧ (1367)

*ਦੁਇ ਸੇਰ ਮਾਂਗਉ ਚੂਨਾ॥

-ਸੋਰ ਕਬ, ੧੧,੨:੧ (656)

*ਕਬੀਰ ਹਰਦੀ ਪੀਅਰੀ ਚੂਨਾ ਊਜਲ ਭਾਇ॥

-ਸਲੋ ਕਬ, ੫੬:੧ (1367)

*ਚਾਕੀ ਚਾਟਹਿ ਚੂਨੁ ਖਾਹਿ॥

-ਬਸੰ ਕਬ, ੧,੨:੧ (1196)

ਚੂਲ੍ਹੇ- ਚੁੱਲੇ, ਅੱਗ ਬਾਲਣ ਲਈ ਬਣਾਇਆ ਸਥਾਨ,

*ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ॥

-ਆਸਾ ਕਬ, ੨,੨:੨ (476)

ਚੂੜਾ- ਸ਼ਗਨਾਂ ਵਾਲੀਆਂ ਲਾਲ ਵੰਗਾਂ ਦਾ ਸਮੂਹ, ਕੰਗਣੀਆਂ

*ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥

-ਵਡ ੧,੩,੧:੫ (557)

*ਨ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥

-ਵਡ ੧,੩,੧:੭ (558)

ਚੇਟਕ- ਤਮਾਸ਼ਾ, ਕੌਤਕ, ਜਾਦੂ ਵਾਲੇ ਤਮਾਸ਼ੇ, ਰੰਗ ਤਮਾਸ਼ੇ

*ਕਿ ਨਹੀ ਸਿਧ ਬਹੁ **ਚੇਟਕ** ਲਾਏ॥

-ਰਾਮ ੫,ਅਸ੧, ੬:੧ (913)

*ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ॥

-ਬਿਲਾਵ, ਅਸ੪,੫:੧ (835)

ਚੇਤੂ- ਚਿਤਰ ਗੁਪਤ

*ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥

-ਮਾਰੂ ਕਬ, ੭,੧:੨ (1104)

ਚੋਆ- ਅਗਰ ਦੀ ਲਕੜੀ ਤੋਂ ਟਪਕਿਆ ਹੋਇਆ ਤੇਲ, ਅਤਰ

***ਚੋਆ** ਚੰਦਨੁ ਬਹੁ ਘਣਾ ਖਾਨਾ ਨਾਲਿ ਕਪੂਰੁ॥

-ਸਿਰੀ ੨,੨੩,੪:੨ (19)

ਚੋਜ- ਕੌਤਕ, ਤਮਾਸ਼ਾ ਖੇਲ, ਲੀਲਾ

*ਇਕਿ ਦਾਤੇ ਇਕਿ ਭੇਖਾਰੀ ਕੀ ਸਭਿ ਤੇਰੇ **ਚੋਜ** ਵਿਡਾਣਾ॥

-ਆਸਾ ੪, ਸੋਪੁ ੧,੨:੨ (11)

*ਆਪਿ ਅਖਾੜਾ ਪਾਇ ਦਾ ਪਿਆਰਾ ਕਰਿ ਵੇਖੈ ਆਪਿ **ਚੋਜ**ਾਹਾ॥

-ਸੋਰ ੪,੬,੩:੧ (606)

***ਚੋਜੀ** ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ॥

-ਮਾਝ ੪,੬੮,੧:੧ (174)

*ਸਭੁ ਤੇਰਾ **ਚੋਜੁ** ਵਰਤਦਾ ਦੁਖ ਸੁਖ ਤੁਧੁ ਪਾਸਿ॥

-ਬਿਹਾ ੪, ਵਾਰ ੨:੫ (549)

ਚੋਟੀ- ਬੋਦੀ

*ਨਾ ਹਰਿ ਭਜੇ ਨ ਤੀਰਥ ਸੇਵੇ **ਚੋਟੀ** ਕਾਲਿ ਗਹੀ॥

-ਸੋਰ ੮,੨,੧:੨ (631)*

ਚੋਪੜੀ- ਘੀ ਆਦਿ ਨਾਲ ਪੋਚੀ ਹੋਈ

*ਜਿਨਾ ਖਾਧੀ **ਚੋਪੜੀ** ਘਣੇ ਸਹਨਿਗੇ ਦੁਖ॥

-ਸਲੋ ਫਰ, ੨੮:੨ (1379)

ਚੋਰ- ਚੋਰੀ ਕਰਨ ਵਾਲਾ, ਤਸਕਰ, ਚੋਰੀ ਕਰਨ ਵਾਲੀ,
*ਅਸੰਖ **ਚੋਰ** ਹਰਾਮਖੋਰ॥

-ਜਪੁ ੧,੧੮:੨ (4)

*ਕਬੀਰ ਮਾਇਆ **ਚੋਰਟੀ** ਮੁਸਿ ਮੁਸਿ ਲਾਵੈ ਹਾਟਿ॥

-ਸਲੋ ਕਬ, ੨੦:੧ (1365)

*ਮੁਠੀ ਧੰਧੈ **ਚੋਰਿ** ਮਹਲੁ ਨ ਪਾਈਐ॥

-ਮਾਝ ੧, ਵਾਰ ੧੭:੨ (146)

*ਵੇਲਿ ਪਰਾਈ ਜੋਹਹਿ ਜੀਅੜੇ ਕਰਹਿ **ਚੋਰੀ** ਬੁਰਿਆਰੀ

-ਗਉ ੧,੧੩,੨:੩ (155)

*ਹਉ ਕਿਆ ਮੁਹੁ ਦੇਸਾ ਦੁਸਟੁ **ਚੋਰੁ**॥

-ਸਿਰੀ ੧,੨੯,੪:੨ (24)

ਚੋਲਨਾ- ਚੋਲਾ, ਇਕ ਪ੍ਰਕਾਰ ਦਾ ਪਹਿਰਨ, ਚੋਗਾ, ਲਿਬਾਸ
*ਲਾਲੁ **ਚੋਲਨਾ** ਤੈ ਤਨਿ ਸੋਹਿਆ॥

-ਆਸਾ ੫,੫੨,੧:੧ (384)

*ਮੇਰੇ ਕੰਤ ਨ ਭਾਵੈ **ਚੋਲੜਾ** ਪਿਆਰੇ ਕਿਉ ਧਨ ਸੇਜੈ ਜਾਇ॥

-ਤਿਲੰ ੧, ੩, ੧:੨ (721)

*ਮਾਇਆ ਮੋਹ ਕਾ ਕਚਾ **ਚੋਲਾ** ਤਿਤੁ ਪੈਧੈ ਪਗੁ ਖਿਸੈ॥

-ਵਡਾ ੩, ਅਲਾ ੩, ੨:੪ (584)

ਚੋਲੀ- ਅੰਗੀ, ਇਸਤ੍ਰੀਆ ਦਾ ਥਲੇ ਪਾਉਣ ਵਾਲਾ ਪਹਿਰਨ
*ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ **ਚੋਲੀ**॥

-ਸੋਰ ੪, ਵਾਰ ੧ ੧:੧ (646)

*ਜਿਨ ਕੇ **ਚੋਲੇ** ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥

-ਤਿਲੰ ੨,੩,੩:੧ (722)

ਚੋਲ੍ਹਾ- ਚੁਹਲ, ਕੌਤਕ, ਤਮਾਸ਼ਾ
*ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ॥

-ਆਸਾ੫,੧੪੫,੩:੧ (407)

ਛਜ- ਅੰਨ ਵਿਚੋਂ ਮਿੱਟੀ ਕੱਖ ਕਾਨ ਆਦਿ ਕੱਢਣ ਦਾ ਸੰਦ, ਇਹ ਘਰਾਂ ਵਿਚ ਆਮ ਵਰਤਿਆ ਜਾਂਦਾ ਹੈ।

*ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ **ਛਜ**॥

-ਮਲਾ੧, ਵਾਰ ੧੯ਸ, ੧,੧:੨ (1286)

ਛੰਦੇ- ਛੰਦ/ਕਾਵਿ ਬੰਦ ਵਿਚ

*ਤੀਨਿ **ਛੰਦੇ** ਖੇਲੁ ਆਛੈ॥

-ਟੋਡੀ ਨਾਮ, ੩,੧:੧ (718)*

ਛਨਕ- ਝਾਂਜਰ ਦੀ ਛਨ ਛਨ ਦੀ ਆਵਾਜ਼, ਔਰਤਾਂ ਦਾ ਇਕ ਗਹਿਣਾ

*ਪਗ ਨੇਵਰ **ਛਨਕ** ਛਨਹਰੀ॥

-ਗੋਂਡ ਕਬ, ੮, ੩:੨ (872)

ਛਮਿਛਮਰੀ- ਪ੍ਰਿਥਵੀ ਉਪਰ ਫਿਰਨ ਵਾਲੇ, ਪਿਤਰ

*ਇਕ ਲੋਕੀ ਹੋਰੁ **ਛਮਿਛਰੀ** ਬ੍ਰਾਹਮਣੁ ਵਟਿ ਪਿੰਡ ਖਾਇ॥

-ਆਸਾ ੧,੩੨,੪:੧ (358)

ਛਾਇਲੈ- ਛਾਪੀ ਹੋਈ ਚਾਦਰ/ਕਪੜਾ, ਛੀਟ

*ਕਾਹੈ ਛੀਪਹੁ **ਛਾਇਲੈ** ਰਾਮ ਨ ਲਾਵਹੁ ਚੀਤੁ॥

-ਸਲੋ ਕਬ, ੨੧੨:੨ (1375)

ਛਾਛਿ- ਲੱਸੀ, ਮੱਖਣ ਦਾ ਪਾਣੀ,

*ਸੰਤਹੁ ਮਾਖਨੁ ਖਾਇਆ **ਛਾਛਿ** ਪੀਐ ਸੰਸਾਰੁ॥

-ਸਲੋ ਕਬ, ੧੮:੨ (1365)

ਛਾਦਨ- ਕਪੜੇ, ਬਸਤਰ, ਲਿਬਾਸ

*ਅੰਦਰਿ ਤ੍ਰਿਸਨਾ ਬਹੁਤੁ **ਛਾਦਨ** ਭੋਜਨ ਕੀ ਆਸਾ॥

-ਮਾਝ ੧, ਵਾਰ ੫:੩ (140)

***ਛਾਦਨੁ** ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮ ਗਵਾਇਆ॥

-ਗੂਜ ੩, ਵਾਰ ੧੨ਸ, ੩:੨ (513)

*ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ **ਛਾਦਿ** ਪੂਰੇ।

-ਧਨਾ ੫,੫੩,੧:੧ (683)

ਛਾਨਿ- ਘਾਹ ਫੂਸ ਦਾ ਛੱਪੜ, ਝੁੱਗੀ, ਝੌਂਪੜੀ, ਛਪਰੀ, ਛੰਨ,

*ਤਿਸਨਾ **ਛਾਨਿ** ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ।

-ਗਉ ਕਬ, ਅਸ ੪,੩,੧:੨ (332)

*ਜਉ ਗੁਰਦੇਉ ਤ **ਛਾਪਰਿ** ਛਾਈ॥

-ਭੈਰ ਨਾਮ, ੧੧, ੬:੩ (1167)

*ਭਲੀ ਸੁਹਾਣੀ **ਛਾਪਰੀ** ਜਾ ਮਹਿ ਗੁਨ ਗਾਏ॥

-ਸੂਹੀ ੫,੪੧,੧:੧ (745)*

ਛਾਬਾ- ਤਕੜੀ ਦਾ ਪੱਲਾ, ਤਰਾਜ਼ੂ

*ਜਿਹਵਾ ਡੰਡੀ ਇਹੁ ਘਟੁ **ਛਾਬਾ** ਤੋਲਉ ਨਾਮੁ ਅਜਾਚੀ॥

-ਮਾਰੂ ੧,੧੧,੩:੧ (992)

ਛਾਵਾਣਿਆ- (ਫਾ.ਸਾਇਵਾਨ) ਸਾਇਬਾਨ, ਚੰਦੋਆ

*ਪਰਗਟੁ ਭਇਆ ਸੰਸਾਰਿ ਮਿਹਰ **ਛਾਵਾਣਿਆ**॥

-ਮਲਾ ੧, ਵਾਰ ੨੭:੬ (1291)

ਛਾਵਾਣੁ- ਵਿਛੌਣਾ, ਬਿਸਤਰਾ,

*ਸੇਜ ਸਧਾ ਸਹਜੁ **ਛਾਵਾਣੁ** ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ।

-ਸਵ ੪, ਕਲ ੧੦:੧ (1398)

ਛੀਕੇ- ਛੱਤ ਨਾਲ ਲਟਕਿਆ ਟੋਕਰਾ ਜਿਸ ਵਿਚ ਖਾਦ ਪਦਾਰਥ ਰੱਖੇ ਜਾਂਦੇ ਹਨ।

***ਛੀਕੇ** ਪਰ ਤੇਰੀ ਬਹੁਤ ਡੀਠਿ॥

-ਬਸੰ ਕਬ, ੧,੩:੧ (1196)

ਛੀਪਰੋ- ਛੀਂਬਾ, ਅਥਵਾ ਕੱਪੜਿਆਂ ਤੇ ਵੇਲ ਬੂਟੇ ਛਾਪਨ ਵਾਲਾ,

*ਆਢ ਦਾਮ ਕੋ **ਛੀਪਰੋ** ਹੋਇਓ ਲਾਖੀਣਾ।

-ਆਸਾ ਧਨਾ, ੨, ੧:੨ (487)*

ਛੁਰਾ- ਵਡਾ ਚਾਕੂ, ਇਕ ਹਥਿਆਰ,

*ਕੂੜੁ **ਛੁਰਾ** ਮੁਠਾ ਮੁਰਦਾਰੁ।

-ਸਿਰੀ ੧, ੨੯,੧:੩ (24)

ਛੁਰੀ- ਛੋਟਾ ਚਾਕੂ, ਕਰਦ, ਛੋਟਾ ਛੁਰਾ

***ਛੁਰੀ** ਕਾਢਿ ਲੇਵੈ ਹਥਿ ਦਾਨਾ॥

-ਗਉ ੫,੧੦੭,੨:੨ (201)*

ਜਉਹਰੀ- ਹੀਰਿਆਂ ਦਾ ਵਪਾਰੀ, ਜੌਹਰੀ

*ਕਬੀਰ ਹਰਿ ਹੀਰਾ ਜਨ ਜਉਹਰੀ ਲੈ ਕੈ ਮਾਂਡੈ ਹਾਟ॥

-ਸਲੋ ਕਬ, ੧੬੨:੧ (1373)

ਜਹਾਜੁ- (ਅ.ਜਹਾਜ਼) ਬੋਹਿਥ, ਬੇੜਾ, ਸਮੁੰਦਰ ਵਿਚ ਚੱਲਣ ਵਾਲੀ ਬਹੁਤ ਵੱਡੀ ਕਿਸ਼ਤੀ

*ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ॥

-ਗਉ ਕਬ, ੫੭,੧:੨ (336)*

ਜਖ- ਯਕਸ, ਦੇਵਤਿਆਂ ਦੀ ਇਕ ਜਾਤੀ ਜਿਸ ਦਾ ਸਰਦਾਰ ਕੁਬੇਰ ਮੰਨਿਆ ਜਾਂਦਾ ਹੈ।

*ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ॥

-ਆਸਾ ੫, ਛੰਤ ੫,੨:੪ (455)

*ਸਿਮਰਹਿ **ਜਖ੍ਹ** ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ॥

-ਮਾਰੂ ੫, ੮,੩:੩ (1079)

ਜਗ- ਯੱਗ, ਹਵਨ, ਸਾਧਾਂ ਬ੍ਰਾਹਮਣਾਂ ਤੇ ਗਰੀਬਾਂ ਨੂੰ ਅੰਨ ਛਕਾਉਣਾ ਦਾ ਭਾਵ,ਪੂਜਨ

*ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥

-ਮਾਝ ੧, ਵਾਰ ੨੬ਸ, ੧,੧:੨੨ (150)

*ਸਭਿ ਤੀਰਥ ਬਰਤ **ਜਗ** ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ॥

-ਕਲਿ੪, ਅਸ ੩, ੭:੧ (1325)

*ਜਗਨ ਕਰੈ ਬਹੁ ਭਾਰ ਅਫਾਰੀ॥

-ਗਉ ੧, ਅਸ ੯,੨:੨ (224)

*ਅਸੁਮੇਧ **ਜਗਨੇ**॥

-ਗੋਂਡ ਨਾਮ, ੧,੧:੧ (873)

*ਜੋਗੇਨ ਕਿੰ ਜਗੇਨ ਕਿੰ. ਦਾਨੇਨ ਕਿੰ ਤਪਸਾ॥

-ਗੂਜ ਜੈਦੇ, ੧,੪:੨ (526)

ਜਗੋਟਾ- ਊਨ ਦਾ ਰਸਾ ਜੋ ਜੋਗੀ ਲੱਕ ਨਾਲ ਬੰਨਦੇ ਹਨ

*ਸਹਜ ਜਗੋਟਾ ਬੰਧਨ ਤੇ ਛੂਟਾ॥

-ਰਾਮ ੧,੧੧,੪:੧ (879)

ਜਚਾ- ਚੋਜ਼, ਕੌਤਕ, ਯਾਚਕ, ਭਿਖਾਰੀ

*ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਕੇ **ਜਚਾ**॥

-ਮਾਰੂ ੩, ਵਾਰ ੨੨:੫ (1094)

ਜਜਿ- ਯਜਨ, ਦੇਵ ਪੂਜਾ, ਯੱਗ

*ਜਜਿ ਕਾਜਿ ਪਰਥਾਇ ਸੁਹਾਈ॥

-ਆਸਾ ੫,੩,੧:੨ (371)*

ਜੰਜੀਰ- (ਫਾ.ਜੰਜੀਰ)ਸੰਗਲ, ਲੋਹੇ ਦੀਆਂ ਕੜੀਆਂ ਦੀ ਰੱਸੀ, ਜ਼ੰਜੀਰ

*ਨਾਨਕ ਅਉਗੁਣ ਜੇਤੜੇ ਤੇਤੇ ਗਲੀ **ਜੰਜੀਰ**।

-ਸੋਰ ੧,੧,੪:੧ (595)

*ਜਾ ਸਿਕਦਾਰੈ ਪਵੈ **ਜੰਜੀਰੀ** ਤਾ ਚਾਕਰ ਹਥਹੁ ਮਰਣਾ॥

-ਰਾਮ੧, ਅਸ ੧,੪:੨ (903)

*ਇਕਨ੍ਾ ਗਲੀ **ਜੰਜੀਰੀਆ** ਇਕਿ ਤੁਰੀ ਚੜਹਿ ਬਿਸੀਆਰ॥

-ਆਸਾ ੧, ਵਾਰ੨੩:੩ (475)

ਜੰਤ- (ਸੰ.ਸਚਗ) ਯੰਤ੍ਰ, ਯੰਤਰ, ਵਾਜਾ ਵਜਾਉਣ ਵਾਲਾ, ਵਜੰਤ੍ਰੀ,

*ਸੁਐ ਚਾੜਿ ਭਵਾਈਅਹਿ **ਜੰਤ**॥

-ਆਸਾ੧, ਵਾਰ ਪਸ, ੧,੨:੯ (465)

*ਜਸ **ਜੰਤੀ** ਮਹਿ ਜੀਉ ਸਮਾਨਾ॥

-ਗਉ ਕਬ, ੮,੩:੧ (325)

ਜਬਲੀਧਰ- ਰਾਮ ਮੇਘ ਦੇ ਅੱਠ ਪੁੱਤਰਾਂ ਵਿਚੋਂ ਇਕ ਦਾ ਨਾਮ,

***ਜਬਲੀਧਰ** ਨਦ ਅਉ ਜਲਧਾਰਾ॥

-ਰਾਗ ੧, ੫੬ (1430)

ਜੰਬਰੂ- (ਫਾ. ਜ਼ੰਬੂਰ) ਭ੍ਰਿੰਡ, ਡੇਂਮੂ (ਮਹਾਨਕੋਸ਼) ਸੰਨ੍ਹੀ ਵਰਗਾ ਕਿਸੇ ਚੀਜ਼ ਨੂੰ ਫੜਨ ਵਾਲਾ ਹਥਿਆਰ (ਨਿਰਣੈ) ਚਿਮਟੇ ਵਰਗਾ ਹਥਿਆਰ ਜਿਸ ਨਾਲ ਵੈਰੀ ਨੂੰ ਤਸੀਹੇ ਦਿੱਤੇ ਜਾਂਦੇ ਹਨ। (ਦਰਪਣ)

*ਵਿਛੋਹੇ **ਜੰਬੂਰ** ਖਵੇ ਨ ਵੰਞਨਿ ਗਾਖੜੇ॥

-ਗੂਜ ੫, ਵਾਰ ੧੧ਸ, ੫,੧:੧ (520)

ਜਰੀਨਾ- (ਫਾ. ਜਰੀਨ-ਜ਼ਰ) ਸੋਨੇ ਦੀ ਮੋਹਰ, ਅਸ਼ਰਫੀ, ਦੌਲਤ, ਸਿੱਕਾ

*ਤੁਮਹਿ ਖਜੀਨਾ ਤੁਮਹਿ **ਜਰੀਨਾ** ਤੁਮ ਹੀ ਮਾਣਿਕ ਲਾਲਾ॥

-ਸਾਰ ੫,੫੬,੨:੧ (1215)

ਜਲ- (ਸੰ.ਜ਼ਲ) ਪਾਣੀ, ਜਲਧਾਰਾ, ਜਲਨ, ਮੇਘ, ਬਦਲ

*ਜਲ ਤੇ ਤ੍ਰਿਭਵਣੁ ਸਾਜਿਆ ਘਟਿ-ਘਟਿ ਜੋਤਿ ਸਮੋਇ॥

-ਸਿਰੀ ੧,੧੫,੩:੨ (19)

*ਜਲਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥

-ਆਸਾ ਨਾਮ, ੧੨:੧ (485)

*ਜਬਲੀਧਰ ਨਟ ਅਉ **ਜਲਧਾਰਾ**॥

-ਰਾਗ ੧,੫੬ (1430)

***ਜਲਨ** ਥਲਨ ਬਸੁਧ ਗਗਨ ਏਕ ਏਕੰਕਾਰੰ॥

-ਰਾਮ ੫,੫੯,੧:੨ (901)*

*ਹਰਿ **ਜਲਨਿਧਿ** ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ॥

-ਮਾਝ ੪,੩,੪:੩ (95)

***ਜਲਿ** ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥

-ਵਡ ੧, ਅਲਾ ੩,੬:੧ (580)

*ਸਾਚੇ ਤੇ ਪਵਨਾ ਭਇਆ ਪਵਨੈ ਤੇ **ਜਲੁ** ਹੋਇ॥

-ਸਿਰੀ ੧,੧੫,੩:੧ (19)

*ਨ ਸਪਤ ਦੀਪ ਨਹ **ਜਲੋ**॥

-ਮਾਝ੧,ਵਾਰ ੧੩ਸ, ੧,੪:੨ (144)

ਜਲੁ- 'ਜਾਲਪ' ਭੱਟ (ਜਿਸ ਦੇ ਗੁਰੂ ਅਮਰਦਾਸ ਜੀ ਦੀ ਸਿਫਤ ਦੇ 5 ਸਵਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ) ਦਾ ਕਾਵਿ ਉਪ ਨਾਂ

*ਤੈ ਲੋਭੁ ਕ੍ਰੋਧ ਤ੍ਰਿਸਨਾ ਤਜੀ ਸ ਮਤਿ **ਜਲੁ** ਜਾਣੀ ਜੁਗਤਿ॥

-ਸਵ ੩, ੧੩:੫ (1394)

ਜਵਾਹਰ- (ਅ.ਜ਼ਵਾਹਰ) ਰਤਨ, ਕੀਮਤੀ ਰਤਨ, ਵੱਡਮੁੱਲਾ ਪੱਥਰ,

*ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥

-ਜਪੁ ੧,੬:੩ (2)

*ਰਤਨ **ਜਵੇਹਰ** ਮਾਣਿਕਾ ਅੰਮ੍ਰਿਤੁ ਹਰਿ ਨਾ ਨਾਉ॥

-ਸਿਰੀ ੫,੮੭,੪:੧ (48)

*ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ॥

-ਬਿਲਾ ੪, ਵਾਰ ੯:੧ (853)

*ਹਰਿ ਧਨੁ ਰਤਨੁ ਜਵੇਹਰ ਮਾਣਕੁ ਹਰਿ ਧਨੈ ਲਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।

-ਸਿਰੀ ੪,੧੦, ੩:੧ (734)

ਜੜਾਵਾਂ- ਜੜਾਊ ਗਹਿਣਾ, ਉਹ ਭੂਸ਼ਨ ਜਿਸ ਵਿਚ ਕੁਝ ਜੜਿਆ ਹੋਵੇ, ਜੋੜ ਲੱਗੇ ਵਾਲਾ, ਕਾਰੀਗਰ,

*ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ॥

-ਆਸਾ ੫, ੪੪,੨:੧ (381)

ਜਾਹਰਨਵੀ- ਜਹਨਵੀ, ਗੰਗਾ ਨਦੀ

*ਜਾਹਰਨਵੀ ਤਪੈ ਭਾਗੀ ਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥

-ਮਲਾ ੪,੨,੨:੧ (1263)

ਜਾਗੋਟੀ- (ਸੰ.ਜਾਗੋਟੇ) ਲੰਗੋਟੀ, ਕੌਪੀਨ, ਜੰਘ ਓਟੀ

*ਕਾਇਆ ਕੜਾਸਣੁ ਮਨੁ ਜਾਗੋਟੀ॥

-ਰਾਮ ੧, ਸਿਗੋ ੧੧:੨ (939)

ਜਾਮਾ- (ਫਾ.ਜਾਮਾ) ਕਪੜਾ, ਵਸਤ੍ਰ, ਪਹਿਰਾਵਾ, ਪੁਸ਼ਾਕ, ਲਿਬਾਸ

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥

-ਮਾਝ੧, ਵਾਰ ੬ਸ, ੧,੧:੧ (140)

ਜਾਲਪਾ- ਇਕ ਭੱਟ ਜਿਸ ਦੇ ਗੁਰੂ ਅਮਰਦਾਸ ਜੀ ਦੀ ਵਡਿਆਈ ਦੇ 5 ਸਵਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

*ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥

-ਸਵ ੩, ੧੪, ੬ (1395)

*ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥

-ਸਵ ੩,੧੦, ੭ (1394)

ਜਿਨੂਰਾ- ਭੂਤਨਾ, ਛੋਟਾ ਜਿੰਨ, ਸ਼ੈਤਾਨ ਮੂਰਤ, ਭੂਤਨੀ, ਜਿੰਨ ਦੀ ਨੁਹਾਰ ਵਾਲਾ

*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥

-ਬਿਹਾ੪, ਵਾਰ ੨੦ਸ, ੧,੧:੨ (556)

*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥

-ਬਿਹਾ੪, ਵਾਰ ੨੦ਸ, ੧,੧:੨ (556)

ਜੁਆਰੀ- ਜੂਆ ਖੇਡਣ ਵਾਲਾ, ਜੂਏਬਾਜ਼
*ਐਸਾ ਜਗੁ ਦੇਖਿਆ ਜੁਆਰੀ॥
-ਗਉ ੧, ਅਸ ੪,੧*:੧ (222)

*ਕਉਡਾ ਡਾਰਤ ਹਿਰੈ ਜੁਆਰੀ।
-ਗੋਂਡ ਨਾਮ, ੨,੩,੨ (873)

*ਜਿਉ ਜੁਆਰ ਬਿਸਨੁ ਨ ਜਾਇ॥
-ਬਿਲਾ ੫, ਅਸ ੨, ੮:੫ (838)

ਜੁਗਤਿ- ਰਹਿਣੀ, ਢੰਗ, ਜੀਵਨ ਜਾਂਚ, ਤਰੀਕਾ, ਵਿਧੀ, ਤਦਬੀਰ, ਤਰਕੀਬ,
*ਸੁਣਿਐ ਜੋਗ ਜੁਗਤਿ ਤਨਿ ਭੇਦ॥
-ਜਪੁ ੧,੯:੩ (2)

ਜੁਲਹਾ- ਜੁਲਾਹਾ, ਖੱਡੀ ਤੇ ਕੱਪੜੇ ਉਨਣ ਵਾਲਾ,
*ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥
-ਆਸਾ ਕਬ, ੨੬,੩:੧ (482)

*ਜਾਤਿ ਜੁਲਾਹਾ ਮਤਿ ਕਾ ਧੀਰੁ॥
-ਗਉ ਕਬ, ੨੬,੩:੧ (328)

*ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿਪਾਈ॥
-ਸਿਰੀ ੩, ਅਸ ੨੨,੩:੧ (67)

*ਘਰ ਛੋਡਿਐ ਜਾਇ ਜੁਲਾਹੋ॥
-ਗਉ ਕਬ, ੫੪, ੧*:੨ (335)

ਜੇਵਰਾ- ਜੇਉੜਾ, ਰੱਸਾ, ਬੰਧਨ, ਫਾਹੀ, ਮੋਟੀ ਰੱਸੀ
*ਚਹੁ ਦਿਸ ਪਸਰਿਓ ਹੈ ਜਮ ਜੇਵਰਾ॥
-ਸੋਰ ਕਬ, ੧,੧*:੨ (654)

*ਮੋਹ ਕੀ ਜੇਵਰੀ ਬਾਧਿਓ ਚੋਰ॥
-ਗਉ ੫,੧੨੪,੧:੨ (190)

*ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ॥
-ਗਉ ੩, ਅਸ ੪,੪:੨ (231)

*ਗੁਰਿ ਕਟੀ ਮਿਹਡੀ ਜੇਵੜੀ॥
-ਸਿਰੀ ੪,ਅਸ ੨੯,੨੧:੨ (74)

*ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ॥

-ਗਉ ੧, ਛੰਤ ੨,੩:੨ (243)

ਜੋਇਸੀ- ਜੋਤਸ਼ੀ, ਭਵਿੱਖ ਦੱਸਣ ਵਾਲਾ ਪੰਡਤ,

*ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥

-ਆਸ ੧, ਅਸ ੧੪,੪:੧ (419)

*ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ॥

-ਸਿਰੀ ੩,੩੬:੧ (27)

*ਗਣਿ ਗਣਿ ਜੋਤਕੁ ਕਾਂਡੀ ਕੀਨੀ॥

-ਰਾਮ ੧, ਅਸ ੪,੨:੧ (904)

*ਆਗਮ ਨਿਰਗਮ ਜੋਤਿਕ ਜਾਨਹਿ ਬਹੁਬਹੁ ਬਿਆਕਰਨਾ॥

-ਆਸਾ ਕਬ, ੫,੨:੧ (476)

*ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ॥

-ਆਸਾ ੩, ਅਸ ੨੭,੨:੨ (425)

ਾਹਰਾ- ਜੁਲਾਹਾ, ਖੱਡੀ ਕੱਪੜੇ ਉਣਨਵਾਲਾ

*ਨੀਚ ਕੁਲਾ ਜੁਲਾਹਰਾ ਭਇਓ ਗੁਨੀਯ ਗਹੀਰਾ॥

-ਆਸਾ ਧੰਨਾ ੨,੧:੨ (487)

*ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮ ਪਛਾਨਾ॥

-ਆਸਾ ਕਬ, ੩੬,੩:੨ (484)

ਝਕੋਲਨਹਾਰ- ਝੰਜੋਲਣਾ, ਪਾਣੀ ਆਦਿ ਹਿਲਾਉਣਾ, ਰਿੜਕਣਾ, ਮਧਾਣੀ

*ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥

-ਸਲੋ ਕਬ, ੧੮:੧ (1365)

ਝਲੇ- ਸ਼ੀਸ਼ਿਆਂ ਨਾਲ ਜੜ੍ਹੇ ਪੱਖਿਆਂ ਦੀ ਸਜਾਵਟ

*ਉਪਰਹੁ ਪਾਣੀ ਵਾਰੀਐ ਝੂਲੇ ਝਿਗਾ ਕਨਿ ਪਾਸਿ॥

-ਆਸਾ ੧, ਅਸ ੧੧,੨:੩ (417)

ਝੜੀ- ਜ਼ੋਰ ਦਾ ਮੀਂਹ, ਆਕਾਸ਼ ਵਿਚ ਬੱਦਲਾਂ ਦਾ ਇਕੱਠ, ਮੂਸਲੇਧਾਰ ਬਾਰਸ਼

*ਊਨਵਿ ਊਨਵਿ ਆਇਆ ਵਰਸੈ ਲਾਇ ਝੜੀ॥

-ਮਲਾ੧, ਵਾਰਮਸ, ੩,੧:੧ (1280)

ਝੀਵਰਿ- ਮਛੂਆ, ਮੱਛੀਆਂ ਪਕੜਨ ਵਾਲਾ, ਮਾਛੀ, ਝਿਊਰ

*ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥

-ਸਲੋ ਕਬ, ੪੯:੧ (1367)

*ਨਾਨਕ ਇਹ ਜੀਉ ਮਛੁਲੀ **ਝੀਵਰੁ** ਤ੍ਰਿਸਨਾ ਕਾਲੁ॥

-ਰਾਮ ੩, ਵਾਰ ੧੮ਸ,੧,੨:੧ (955)

ਝੁੰਨੰਤਕਾਰ- ਛਣਕਾਰ, ਝਨਕਾਰਾ, ਘੁੰਗਰੂਆਂ ਦੀ ਮਿੱਠੀ ਧੀਮੀ ਆਵਾਜ਼

*ਉਪਜਤਾ ਬਿਕਾਰ ਦੁੰਦਰ ਨਉਪਰੀ **ਝੁਨੰਤਕਾਰ** ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥

-ਸਾਰ੫,੧੩੯,੧:੨ (1231)*

*ਦੇਖ ਰੂਪੁ ਅਤਿ ਅਨੂਪੁ ਮੋਹ ਮਹਾਮਸ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥

-ਸਵ ੪, ਗਯੰ ੬:੩ (1402)

ਟਕਾ- ਚਾਂਦੀ ਦਾ ਇਕ ਪੁਰਾਣਾ ਸਿੱਕਾ, ਰੁਪਇਆ

*ਮਨ ਦਸ ਨਾਜੁ **ਟਕਾ** ਚਾਰਿ ਗਾਂਠੀ ਐਂਡੋ ਟੇਢੌ ਜਾਤੁ॥

-ਸਾਰ ਕਬ, ੧,੧:੨ (1251)*

ਟਟਰਿ- ਲੋਹੇ ਦਾ ਕੜਾਹਾ, ਇਕ ਬਰਤਨ ਜਿਸ ਵਿਚ ਵਿਆਹ ਸ਼ਾਦੀ ਦੇ ਮੌਕੇ ਮਿੱਠੇ ਚਾਉਲ ਬਣਾਏ ਜਾਂਦੇ ਹਨ।

*ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲ ਲਾਇ॥

-ਮਾਝ ੧,ਵਾਰ ੧੧ਸ,੧,੨:੩ (143)

ਟੰਮਕ- ਨਗਾਰਾ, ਧੌਂਸਾ, ਵੱਡਾ ਢੋਲ

*ਵਾਤ ਵਜਨਿ **ਟੰਮਕ** ਭੇਰੀਆ॥

-ਸਿਰੀ ੫, ਅਸ ੨੯,੧੮,੧ (74)

ਟਲ- ਇਕ ਭੱਟ ਕਵੀ, ਜਿਸ ਦਾ ਗੁਰੂ ਅੰਗਦ ਸਾਹਿਬ ਦਾ ਇਕ ਸਵਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

*ਸੁ ਕਹੁ **ਟਲ** ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥

-ਸਵ ੨,੧੦:੫ (1392)

ਟਾਂਡ- ਸੌਦਾ, ਵਖਰ, ਸੁਦਾਗਰੀ,

*ਤ੍ਰਿਸਨਾ ਗੂਣਿ ਭਰੀ ਘਟ ਭੀਤਰ ਇਨ ਬਿਧਿ **ਟਾਂਡ** ਬਿਸਾਹਿਓ॥

-ਗਉ ਕਬ, ੪੯,੧:੨ (333)

ਟਾਂਡਾ- ਅੰਨ ਆਦਿ, ਵਪਾਰ ਦੀ ਸਮੱਗਰੀ ਨਾਲ ਲੱਦਿਆ ਬੈਲਾਂ ਦਾ ਵਗ, ਕਾਫ਼ਲਾ ਵਣਜਾਰਿਆਂ ਦੀ ਆਬਾਦੀ

*ਪੰਚ ਤਤੁ ਮਿਲੁ ਦਾਨੁ ਨਿਬੇਰਹਿ **ਟਾਂਡਾ** ਉਤਰਿਉ ਪਾਰਾ॥

-ਗਉ ਕਬ, ੪੯,੨:੨ (333)

ਟਿੰਡ- ਮਿੱਟੀ ਦਾ ਗੜਵੇ ਦੀ ਸ਼ਕਲ ਦਾ ਬਰਤਨ ਜੋ ਹਰਟ ਦੀ ਮਾਹਲ ਨਾਲ ਪਾਣੀ ਕੱਢਣ ਲਈ ਬੰਨਦੇ ਹਨ।

*ਕਰ ਹਰਿਹਟ ਮਾਲ **ਟਿੰਡ** ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ॥

-ਬਸੰ ੧,੯,੨:੧ (1171)

ਟੀਕ- ਟਿੱਕਾ, ਤਿਲਕ

*ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ **ਟੀਕ**॥

-ਪ੍ਰਭਾ ੪,੩,੨:੧ (1336)

*ਤਿਨ ਮੁਖਿ **ਟਿਕੇ** ਨਿਕਲਹਿ ਜਿਨ ਮਨਿ ਸਚਾ ਨਾਉ॥

-ਸਿਰੀ ੧,੬,੨:੨ (16)

ਟੂਕ- ਰੋਟੀ, ਟੁਕੜ, ਖਾਣ ਦੀ ਇਕ ਵਸਤੂ

*ਕਬਹੂ ਘਰ ਘਰ **ਟੂਕ** ਮਗਾਵੈ॥

-ਭੈਰ ਨਾਮ, ੫,੧:੨ (1164)

*ਮਾਗਹਿ **ਟੂਕਾ** ਤ੍ਰਿਪਤਿ ਨ ਪਾਵੈ॥

-ਰਾਮ ੫, ੧੩,੨:੩ (886)

ਟੋਡੀ- ਦਿਨ ਦੇ ਦੂਜੇ ਪਹਿਰ ਗਾਇਆ ਜਾਣ ਵਾਲੀ ਦੀਪਕ ਰਾਗ ਦੀ ਰਾਗਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੀ ਬਾਣੀ ਨੂੰ ਤਰਤੀਬ ਵਿਚ ਬਾਹਰਵਾਂ ਸਥਾਨ ਪ੍ਰਾਪਤ ਹੈ।

*ਕਛੇਲੀ ਪਟਮੰਜਰੀ **ਟੋਡੀ** ਕਹੀ ਅਲਾਪਿ।

-ਰਾਗ ੧:੩੫ (1430)

ਟੋਪੀ- ਸਿਰ ਤੇ ਪਹਿਨਣ ਵਾਲਾ ਇਕ ਪਹਿਰਾਵਾ, ਕੁੱਲਾ

*ਊਂਧਉ ਖਪਰੁ ਪੰਚ ਭੂ **ਟੋਪੀ**॥

-ਰਾਗ ੧ ਸਿਗੋ ੧ ੧:੧ (939)

ਟੋਲ- ਵਸਤ੍ਰ ਗਹਿਣ ਆਦਿ, ਸ਼ੋਭਾ ਦਾ ਸਮਾਨ

*ਨਾਨਕ ਸਚੇ ਨਾਮ ਵਿਣੁ ਸਭੇ **ਟੋਲ** ਵਿਣਾਸੁ॥

-ਮਾਝ੧, ਵਾਰ ੧੦ਸ, ੧,੨:੬ (142)

ਠੁਕੁਰਾਣੀ- ਰਾਜਪੂਤ ਇਸਤਰੀ ਠਾਕੁਰ (ਰਾਜਪੂਤ) ਦੀ ਰਾਣੀ

*ਇਕ ਹਿੰਦੁਤਾਣੀ ਅਵਰ ਤੁਰਕਾਣੀ ਭਟਿਆਣੀ **ਠਕੁਰਾਣੀ**।

-ਆਸਾ੧, ਅਸ ੧੨,੬:੧ (418)

ਠਗ- ਨੌਸਰਬਾਜ਼, ਧੋਖੇ ਨਾਲ ਧਨ ਹਰਨ ਵਾਲਾ, ਧੋਖਾ ਦੇ ਕੇ ਮਾਰਨ ਤੇ ਲੁੱਟਣ ਵਾਲਾ, ਠੱਗੀ ਕਰਨ ਵਾਲਾ

*ਹਰਿ **ਠਗ** ਜਗ ਕਉ ਠਗਉਰੀ ਲਾਈ॥

-ਗਉ ਕਬ, ਅਸ ੩੯,੧:੧ (331)*

*ਇਹ **ਠਗਵਾਰੀ** ਬਹੁਤੁ ਘਰ ਗਾਲੇ॥

-ਪ੍ਰਭਾ ੫, ਅਸ ੧,੩:੩ (1347)

*ਕੂੜਿ ਮੂਠੀ ਠਗੀ **ਠਗਵਾੜੀ**॥

-ਮਾਰੂ ੧, ਸੋਲਾ ੫,੬:੧ (1024)

ਠੀਕਰੁ- ਟੁੱਟੇ ਹੋਏ ਮਿੱਟੀ ਦੇ ਭਾਂਡੇ ਦਾ ਟੁਕੜਾ, ਠੀਕਰਾ

*ਜਾ ਭਜੈ ਤਾ **ਠੀਕਰੁ** ਹੋਵੈ ਘਾੜਤ ਘੜੀ ਨ ਜਾਇ॥

-ਮਾਝ ੧, ਵਾਰ ਕਸ, ੧,੧:੫ (138)

ਡਉਰੂ- ਡਮਰੂ, ਡਥਰੂ, ਡੁਗਡੁਗੀ, ਹੱਥ ਨਾਲ ਵੱਜਣ ਵਾਲਾ ਇਕ ਸਾਜ਼।

*ਬਰਦ ਚਢੇ **ਡਉਰੂ** ਢਮਕਾਵੈ॥

-ਗੋਂਡ ਨਾਮ, ੬,੨:੨ (874)

ਡੰਕ- ਡੌਰੂ, ਡੰਕਾ

*ਬਾਜ਼ੀਗਰ **ਡੰਕ** ਬਜਾਈ॥

-ਸੋਰ ਕਬ,੪,੨:੧ (655)

ਡੰਡਾ- ਸੋਟੀ, ਸੋਟਾ, ਡੰਡੋਰਕਾ, ਟੰਬਾ, ਚੋਬਦਾਰ, ਜੋਗੀਆਂ ਦਾ ਛੋਟਾ ਡੰਡਾ,

*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ **ਡੰਡਾ** ਪਰਤੀਤਿ॥

-ਜਪੁ ੧,੨੮,੨ (6)

*ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ **ਡੰਡਾ**ਤਾ॥

-ਗਉ ੧,੧੫,੧:੨ (155)

*ਹਰਿ ਆਪੇ ਜੋਗੀ **ਡੰਡਾ**ਧਾਰੀ॥

-ਗਉ ੪,੪੪,੧:੧ (165)

ਡੰਡੀ- ਸੋਟੀ, ਵੀਣਾ ਦੀ, ਜਿਨਾਂ ਦੇ ਦੁਹਾਂ ਸਿਰਿਆਂ ਤੇ ਤੂੰਬੇ ਜੜੇ ਹੁੰਦੇ ਹਨ, ਤਕੜੀ ਦੀ ਸੋਟੀ (ਫੜੀ) ਜਿਸ ਨਾਲ ਦੋਵੇਂ ਪਾਸੇ ਛਾਬੇ ਬੰਨ੍ਹੇ ਹੁੰਦੇ ਹਨ।

*ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ **ਡੰਡੀ**॥

-ਰਾਮ ੩, ਅਸ੧, ੫:੧ (908)

*ਜਿਹਵਾ **ਡੰਡੀ** ਇਹੁ ਘਟੁ ਛਾਬਾ ਤੋਲਉ ਨਾਮ ਅਜਾਚੀ॥

-ਮਾਰੂ ੧,੧੧,੩:੧ (992)

ਡਡੀਆ- ਪੋਸ਼ਾਕ, ਲਿਬਾਸ, ਸਾੜ੍ਹੀ ਆਦਿ, ਇਕ ਕਿਸਮ ਦਾ ਜ਼ਨਾਨਾ ਦੁਪੱਟਾ

*ਕਹੁ **ਡਡੀਆ** ਬਾਧੈ ਧਨ ਖੜੀ॥

-ਗਉ ਕਬ, ੫੦, ੧:੧ (333)*

ਡਾਇਣ- ਚੁੜੇਲ, ਭੂਤਨੀ, ਡਾਇਣ, ਕਲੇਜਾ ਕੱਢ ਕੇ ਖਾਣ ਵਾਲੀ ਤੀਵੀਂ

*ਨਾਰਾਇਣ ਦੰਤ ਭਾਨੇ **ਡਾਇਣ**॥

-ਗੋਂਡ ੫,੧੯,੨:੪ (868)

*ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮ ਸਰਨਾਇ॥

-ਆਸਾ ੫,੩੧,੧:੨ (378)

ਡਾਂਗੀਆ- ਚੋਬਦਾਰ, ਡਾਂਗ ਰਖਣ ਵਾਲਾ,

*ਪਾਪ ਪੁੰਨੁ ਜਾਂ ਚੈ **ਡਾਂਗੀਆ** ਦੁਆਰੈ ਚਿਤ੍ਰ ਗੁਪਤੁ ਲੇਖੀਆ॥

-ਮਲਾ ਨਾਮ, ੧,੨:੩ (1292)

ਡਾਡੀ- ਜ਼ਰੀਬਕਸ਼, ਗਜ਼ਾਂ ਨਾਲ ਜ਼ਮੀਨ ਮਿਣਨ ਵਾਲਾ ਕਰਮਚਾਰੀ

*ਨਉ **ਡਾਡੀ** ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ।

-ਸੂਹੀ ਕਬ, ੫,੨:੧ (793)

ਡੀਹਰ- ਡਾਇਣ, ਚੁੜੇਲ, ਹੋਰ ਵੇਖੋ 'ਡਾਇਣ'

***ਡੀਹਰ**, ਨਿਆਈ ਮੋਹਿ ਫਾਇਓ ਰੇ॥

-ਟੋਡੀ ੫,੧੯,੧:੩ (715)*

ਡੂਮਣੀ- ਮਿਰਾਸਣ, ਨੀਵੀਂ ਜਾਤ ਦੀ ਔਰਤ

*ਕੁਬੁਧਿ **ਡੂਮਣੀ** ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥

-ਸਿਰੀ ੪, ਵਾਰ ੨੦ਸ, ੧,੧:੧ (91)

ਡੋਮ- ਇਕ ਨੀਵੀਂ ਸਮਝੀ ਜਾਤ, ਮਿਰਾਸੀ

*ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥

-ਬਿਲਾ ਰਵਿ ੨,੧:੧ (858)

ਡੋਰ- ਇਕ ਕਿਸਮ ਦਾ ਗਹਿਣਾ ਜੋ ਗੁੱਟ ਜਾਂ ਬਾਜ਼ੂ ਤੇ ਬੰਨਿਆ ਹੁੰਦਾ ਹੈ, ਬਾਜੂਬੰਦ

*ਹਾਰ **ਡੋਰ** ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ॥

-ਰਾਮ ੫, ਰੁਤੀ ੬:੪ (929)

ਡੋਲਨੀ- ਚਾਟੀ, ਛੋਟਾ ਡੋਲ, ਰਿੜਕਣ ਦੀ ਚਾਟੀ, ਉਹ ਮਟਕੀ ਜਿਸ ਵਿਚ ਦਹੀ ਪਾ ਕੇ ਰਿੜਕੀਦਾ ਹੈ।

*ਕਬੀਰ ਮਾਇਆ **ਡੋਲਨੀ** ਪਵਨੁ ਝਕੋਲਨਹਾਰੁ॥

-ਸਲੋ ਕਬ, ੧੯:੧ (1365)

ਡੋਲੂ- ਇਕ ਭਾਂਡਾ, ਖੂਹ ਤੋਂ ਪਾਣੀ ਕੱਢਣ ਵਾਲਾ ਡੰਡੀ ਵਾਲਾ ਇਕ ਬਰਤਨ, ਲੱਸੀ ਪਾਉਣ ਵਾਲਾ ਭਾਂਡਾ

***ਡੋਲੁ** ਬਧਾ ਕਸਿ ਜੇਵਰੀ ਆਕਾਸਿ ਪਤਾਲਾ॥

-ਗਉ ੧, ਅਸ ੧੭,੬:੨ (228)

ਢਬੂਆ- ਚਾਂਦੀ ਦਾ ਸਿੱਕਾ, ਤਾਂਬੇ ਦਾ ਇਕ ਸਿੱਕਾ ਜੋ ਇਕ ਪੈਸੇ ਦੇ ਬਰਾਬਰ ਹੁੰਦਾ ਸੀ

*ਉਘਾਰਿ ਗਇਆ ਜੈਸਾ ਖੋਟਾ **ਢਬੂਆ** ਨਦਰਿ ਸਰਾਫਾ ਆਇਆ॥

-ਆਸਾ ੫,੪੨,੩:੧ (381)

ਢਾਢੀ- ਯੋਧਿਆਂ ਦੀ ਵਾਰਾਂ ਗਾਉਣ ਵਾਲਾ, ਢੱਡ ਨਾਲ ਵਾਰ ਗਾਉਣ ਵਾਲਾ, ਕੀਰਤੀ ਗਾਉਣ ਵਾਲਾ, ਢੱਡ ਵਜਾਉਣ ਵਾਲਾ

*ਖਾਲਕ ਕਉ ਆਦੇਸੁ **ਢਾਢੀ** ਗਾਵਣਾ॥

-ਮਾਝ ੧,ਵਾਰ ੨੧:੭ (148)

ਢਾਲ- ਤੋਰ ਤਰੀਕੇ,ਰੀਤੀ-ਰਿਵਾਜ, ਮਰਯਾਦਾ, ਤਰਜ਼ੇ ਜ਼ਿੰਦਗੀ, ਦਸਤੂਰ, ਰੰਗ ਢੰਗ

*ਅਹੰਬੁਧਿ ਕਉ ਬਿਨਸਨਾ ਇਹ ਧੁਰਿ ਕੀ **ਢਾਲ**॥

-ਬਿਲਾ ੫,੨੯,੧:੧ (807)

ਢੂਲ- ਚਵਰ ਬਰਦਾਰ, ਝਲਾਉਣ ਵਾਲੀ

*ਚਉਰ **ਢੂਲ** ਜਾਂ ਚੈ ਹੈ ਪਵਣੁ॥

-ਮਲਾ ਨਾਮ, ੧, ੩:੩ (1292)

ਤਉਕੁ- (ਅ. ਤੌਕ), ਕੈਦੀਆਂ ਦੇ ਗਲੇ ਦੀ ਫੱਟੀ, ਜੰਜ਼ੀਰ, ਗਲ ਦਾ ਗਹਿਣਾ
*ਤੇਰੇ ਗਲਹਿ **ਤਉਕੁ** ਪਰਾ ਬੇਰੀ॥

-ਗਉ ਕਬ, ੫,੨:੧ (655)

ਤਸਕਰ- (ਸੰ.ਤਸਕਰ) ਚੋਰ, ਡਾਕੂ, ਲੋਟੇਰਾ
*ਵੇਮੁਖ ਹੋਇ ਰਾਮ ਤੇ ਜਿਉ **ਤਸਕਰ** ਉਪਰਿ ਸੂਲਿ॥

-ਗਉ ੫, ਵਾਰ੭ਸ, ੫,੨:੨ (319)

*ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ **ਤਸਕਰਹ**॥

-ਸਸ ੫, ੨੯:੫ (1356)

*ਖੀਨ ਭਏ ਸਭਿ **ਤਸਕਰਾ** ਗੁਰਮੁਖਿ ਜਨੁ ਜਾਗੈ॥

-ਆਸਾ ੫, ੧੧੪,੧:੨ (399)*

*ਘਰ ਮਹਿ ਅੰਮ੍ਰਿਤ **ਤਸਕਰੁ** ਲੇਈ॥

-ਗਉ ੧,ਅਸ ੨,੨:੧ (221)

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿਧਨੁ ਅਗਨੀ **ਤਸਕਰੈ** ਪਾਣੀਐ ਜਮਦੂਤੇ ਕਿਸੈ ਕਾ ਗਵਾਇਆ ਨਜਾਈ॥

-ਸੂਹੀ ੪,੧੦,੪:੧ (734)

ਤਸਬੀ- (ਅ.ਤਸਬੀਹ) ਮਾਲਾ ਜਿਸ ਦੇ 101 ਮਨਕੇ ਹੁੰਦੇ ਹਨ। ਕਈ ਧਰਮੀ ਲੋਕ ਜਾਪ ਕਰਦੇ ਹਨ।
***ਤਸਬੀ** ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥

-ਮਾਝ ੧, ਵਾਰ ੭ਸ, ੧,੧:੪ (140)

ਤਕੜੀ- ਤਾਰਜ਼ੂ, ਕੁੰਡਾ, ਭਾਰ ਤੋਲਣ ਦਾ ਇਕ ਯੰਤਰ
*ਬਿਨੁ **ਤਕੜੀ** ਤੋਲੈ ਸੰਸਾਰਾ॥

-ਮਾਝ੩, ਅਸ ੩,੧:੨ (110)

ਤਗ- ਧਾਗਾ, ਡੋਰੀ, ਜਨੇਊ
*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ **ਤਗ**॥

-ਆਸਾ ਕਬ, ੨,੧:੧ (475)

*ਨਾਨਕ **ਤਗੁ** ਨ ਤੁਟਈ ਜੇ ਤਗਿ ਹੋਵੈ ਜੋਰੁ॥

-ਆਸਾ੧, ਵਾਰ ੧੫ਸ, ੧,੨:੬ (471)

*ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥

-ਆਸਾ ੧, ਵਾਰ ੯ਸ,੧,੧:੯ (467)

ਤਟਾ- (ਸੰ.ਤੱਟ) ਤਲਾਉ, ਸਰੋਵਰ, ਤਾਲ

*ਜੇ ਉਹ ਕੂਪ ਤਟਾ ਦੇਵਾਵੈ॥

-ਗੋਂਡ ਰਵਿ, ੨,੧:੩ (875)

ਤੰਤ- (ਸੰ.ਤਨੰਤਰਮੂ) ਤੰਤ੍ਰ, ਟੂਣੇ, ਤੰਤਰ ਮੰਤਰ,

*ਅਉਖਧ ਮੰਤ੍ਰ ਤੰਤ ਸਭਿ ਛਾਰੁ॥

-ਗਉ ੫,੧੪੯,੩:੧ (196)

ਤੰਤੀ- ਤਾਰ (ਭਾਵ ਬਿਰਤੀ ਰੂਪੀ/ਸੁਰਤ ਰੂਪੀ), ਵੀਣਾ, ਤਾਰ ਵਾਲਾ ਸਾਜ਼, ਤੰਤੀ ਸਾਜ਼,

*ਥਿਰ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ॥

-ਗਉ ਕਬ, ੫੩,੩:੨ (335)

*ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ॥

-ਬਿਲਾ ੪,੧,੧:੨ (799)

ਤਤੁ- ਮੱਖਣ, ਮੂਲ ਪਦਾਰਥ, ਖਾਣ ਦੀ ਵਸਤੂ

*ਸਚੁ ਮਨ ਕਾਰਣਿ ਤਤੁ ਬਿਲੋਵੈ॥

-ਆਸਾ੧,ਅਸ ੧,੩:੧ (411)

*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥

-ਆਸਾ ਕਬ, ੧੦, ੧:੨ (478)*

*ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ॥

-ਸੋਰ ੧,ਅਸ੨,੫:੧ (635)

ਤੰਤੁ- ਤਾਰ, ਤੰਦੀ

*ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨਾ॥

-ਆਸਾ ੪,੬੧,੧:੧ (368)

ਤੰਤ੍ਰ- (ਸੰ.ਤੰਤਰਮੱਤਰ) ਜਾਦੂ, ਟੂਣਾ,

*ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ॥

-ਸਮੁ ੫,੯:੨ (1389)

*ਮੰਤ੍ਰ ਤੰਤ੍ਰ ਅਉਖਧੁ ਪੁਨਹਚਾਰੁ॥

-ਗਉ ੫,੯੬,੩:੧ (184)

ਤਦੂਐ- ਪਾਣੀ ਦਾ ਇਕ ਜੀਵ, ਤੰਤੂਆ (ਤੰਦੀਆ) ਨਾਲ ਜੀਵ ਨੂੰ ਫਸਾ ਕੇ ਫੜਨ ਵਾਲਾ ਜਲ ਵਿਚ ਰਹਿਣ ਵਾਲਾ ਜੀਵ, ਤੰਦੂਆ

*ਜਿਉ ਜਲ ਕੁੰਚਰੁ **ਤਦੂਐ** ਬਾਂਧਿਓ ਹਰਿ ਚੇਤਿਓ ਮੋਖ ਮੁਖਨੇ॥

-ਨਟ ੪,੫,੩:੨ (976)

ਤਨੂਰ- (ਅ.ਤਨੂਰ) ਭੱਠੀ, ਚੁਲਾ, ਤੰਦੂਰ

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ॥

-ਸਲੋ ਫਰ, ੧੧੯,੧ (1384)

ਤਬਲਬਾਜ- (ਫਾ.ਤਬਲਬਾਜ਼) ਨਗਾਰਚੀ, ਧੌਂਸਾ ਵਜਾਉਣ ਵਾਲਾ, ਘੋੜੇ ਤੇ ਰੱਖ ਕੇ ਨਗਾਰਾ ਵਜਾਉਣ ਵਾਲਾ, ਨਗਾਰਚੀ

***ਤਬਲਬਾਜ਼** ਬੀਚਾਰ ਸ਼ਬਦਿ ਸੁਣਾਇਆ॥

-ਮਾਝ ੧, ਵਾਰ ੧੦, ੬ (142)

ਤੰਬੂ- (ਫਾ.ਤੰਬੂ) ਖੇਮਾ, ਕੱਪੜੇ, ਟਾਟ ਕੈਂਨਵਸ ਦਾ ਬਣਿਆ ਖੇਮਾ ਜੋ ਚੋਬਾਂ ਤੇ ਖੜਾ ਕੀਤਾ ਜਾਂਦਾ ਹੈ ਤੇ ਇਕ ਥਾਂ ਤੋਂ ਦੂਜੀ ਥਾਂ ਲੈ ਜਾਇਆ ਜਾ ਸਕਦਾ ਹੈ, ਤੰਬੂ ਟੈਂਟ,

***ਤੰਬੂ** ਪਲੰਘ ਨਿਵਾਰ ਸਰਾਇਚੇ ਲਾਲਤੀ॥

-ਮਾਝ ੧, ਵਾਰ ੯:੭ (141)

ਤਬੇਲਾ- (ਫਾ. ਤਵੀਲ) (ਅਰ. ਤਵੀਲ) ਅਸਤਬਲ, ਘੋੜੇ ਬੰਨਣ ਵਾਲਾ ਅਹਾਤਾ, ਪਸ਼ੂਆਂ ਦੇ ਬੰਨ੍ਹਣ ਦੀ ਥਾਂ

*ਕਹਾ ਸੁ ਖੇਲ **ਤਬੇਲਾ** ਘੋੜੇ ਕਹਾ ਭੇਰੀ ਸਹਨਾਈ॥

-ਆਸਾ੧, ਅਸ ੧੨,੧:੧ (417)

ਤਮਾਸਾ- (ਅ.ਤਮਾਸ਼ੀ) ਜੀਆਂ ਨੂੰ ਖ਼ੁਸ਼ ਕਰਨ ਵਾਲਾ ਦ੍ਰਿਸ਼/ਖੇਡ, ਰੰਗ ਤਮਾਸ਼ੇ, ਮਨੋਰੰਜਨ, ਦਿਲ ਪ੍ਰਚਾਵਾ

*ਰੰਗ **ਤਮਾਸਾ** ਪੂਰਨ ਆਸਾ ਕਬਹਿ ਨੇ ਬਿਆਪੈ ਚਿੰਤਾ॥

-ਗੂਜ ੫,੪,੩:੨ (496)

*ਕਉਤਕ ਕੋਡ **ਤਮਾਸਿਆ** ਚਿਤਿ ਨ ਆਵਸੁ ਨਾਉ॥

-ਜੈਤ ੫,ਵਾਰ ੯ਸ, ੫,੨:੧ (707)

*ਰੰਗ **ਤਮਾਸੇ** ਬਹੁ ਬਿਧੀ ਚਾਇ ਲਗਿ ਰਹਿਆ॥

-ਸਿਰੀ੫, ਅਸ ੨੬, ੬:੩ (70)

ਸਾਹਾਂ ਸੁਰਤਿ ਗਵਾਈਆ ਰੰਗਿ **ਤਮਾਸੈ** ਚਾਇ॥

-ਆਸਾ੧, ਅਸ ੧੧,੫:੨ (417)

ਤਰਕ- (ਅ.ਤੱਰਕ) ਉਪਰਾਮਤਾ, ਵੈਰਾਗ, ਤਿਆਗ, ਛੱਡ ਦੇਣ ਦਾ ਭਾਵ

*ਤਰੀਕਤਿ **ਤਰਕ** ਖੋਜਿ ਟੋਲਾਵਹੁ॥

-ਮਾਰੂ ੫, ਸੋਲਾ ੧੨,੩:੨ (1083)

ਤਰਕਸ- (ਫਾ.ਤਰਕਸ਼) ਤੀਰ ਰੱਖਣ ਵਾਲਾ ਥੈਲਾ, ਭੱਥਾ, ਜੰਗਜੂ ਵਿਅਕਤੀ,

***ਤਰਕਸ** ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ॥

-ਸਿਰੀ ੧,੭,੩:੨ (16)

*ਲਸਕਰ **ਤਰਕਸਬੰਦ** ਬੰਦ ਜੀਉ ਜੀਉ ਸਗਲੀ ਕੀਤਾ॥

-ਸਿਰੀ ੫,ਅਸ ੨੬,੭:੩ (70)

ਤਰੰਗੁ- ਦਰਿਆ, ਪਾਣੀ ਦੀ ਮੌਜ, ਲਹਿਰ, ਛੱਲ

*ਤੂੰ ਮੇਰਾ **ਤਰੰਗੁ** ਹਮ ਮੀਨ ਤੁਮਾਰੇ॥

-ਆਸਾ ੫,੭੪, ੧:੧ (389)

ਤਰਣ- ਜਹਾਜ਼, ਕਿਸ਼ਤੀ, ਬੇੜੀ

***ਤਰਣ** ਸਰਣ ਸੁਆਮੀ ਰਮਣ ਸੀਲ ਪਰਮੇਸੁਰਹ॥

-ਸਸ ੫,੪ ੩:੧ (1357)

*ਸਤਿਗੁਰੂ ਗੁਰ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ **ਤਰਣੰ**॥

-ਸਵ੪, ਗਯੰ, ੧,੧੮ (1401)

*ਯਾਹੂ **ਤਰਨ** ਤਾਰਨ ਸਮਰਾਥਾ॥

-ਗਉ ੫, ਬਾਅ ੪੩:੭ (259)

*ਕਰਿ ਬਿਚਾਰੁ ਬਿਕਾਰ ਪਰ ਹਰਿ **ਤਰਨ** ਤਾਰਨ ਸੋਇ॥

-ਆਸਾ ਕਬ, ੨੭,੩:੧ (482)

ਤਰਪਣੁ- ਕਰਮਕਾਂਡ, ਪਿਤਰਾਂ ਤੇ ਦੇਵਤਿਆਂ ਨੂੰ ਤ੍ਰਿਪਤ ਕਰਨ ਲਈ ਜਲ ਅਰਪਣ ਕਰਨਾ

*ਸੰਧਿਆ **ਤਰਪਣ** ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ॥

-ਸੋਰ ੩,੧੦,੨:੨ (603)

ਤਰਾਕੀ- ਤੈਰਾਕ, ਤੈਰਨ ਵਾਲਾ, ਪਾਣੀ ਨੂੰ ਪਾਰ ਕਰਨ ਵਾਲਾ

*ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ **ਤਰਾਕੀ**॥

-ਧਨਾ ੪,੬,੧:੨ (668)

ਤਰਾਜੀ- (ਫ਼ਾ.ਤਰਾਜ਼ੂ) ਤਕੜੀ, ਤੋਲਣ ਦਾ ਸੰਧ

*ਆਪੇ ਕੰਡਾ ਆਪਿ **ਤਰਾਜੀ** ਪ੍ਰਭਿ ਆਪੇ ਤੋਲਿ ਤੋਲਾਇਆ॥

-ਸੋਰ ੪,੪,੧:੧ (605)

ਤਰੀ- ਧਾਗੇ, ਤੜੀ, ਛਟੀ ਰੱਸੀ

*ਚਿਰਗਟ ਫਾਰਿ ਚਟਾਰਾ ਲੈ ਗਇਓ **ਤਰੀ** ਤਾਗਰੀ ਛੂਟੀ॥

-ਆਸਾ ਕਬ, ੧੬, ੫:੨ (480)

ਤਰੀਕਤਿ- (ਅ. ਤਰੀਕਤ)ਸ਼ਰਾਹ ਦੀ ਕਿਤਾਬ, ਹਦੀਸ, ਸੂਫ਼ੀ ਮਤ ਅਨੁਸਾਰ ਜਿਗਿਆਸੂ ਦੀਆਂ ਚਾਰ ਮੰਜ਼ਲਾਂ ਅਰਥਾਤ ਸਰੀਅਤ ਦੀਆਂ ਚਾਰ ਮੰਜ਼ਲਾਂ ਅਰਥਾਤ ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ ਵਿਚੋਂ ਦੂਜੀ ਦਾ ਨਾਂ

*ਤੁਰਕ **ਤਰੀਕਤਿ** ਜਾਨੀਐ ਹਿੰਦੂ ਬੇਦ ਪੁਰਾਨ॥

-ਗਉ, ਕਬ, ਬਾਅ ੫:੧ (340)

ਤਾਕ- (ਅ.ਤਾਕ) ਕਪਾਟ, ਦਰਵਾਜ਼ੇ, ਬੂਹਾ, ਦਰਵਾਜ਼ੇ ਦਾ ਪੱਟ, ਖਿੜਕੀ, ਭਿੱਤ

*ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ **ਤਾਕ**॥

-ਕਾਨ ੪,੪,੧:੨ (1295)

*ਦਿਸੈ ਸਚਾ ਮਹਲੁ ਖੁਲੈ ਭਰਮ **ਤਾਕੁ**॥

-ਰਾਮ ੫, ਵਾਰ ੫:੪ (959)

ਤਾਗਾ- ਰਸੀ, ਡੋਰਾ, ਤਾਗਾ, ਜਨੇਊ, ਧਾਗੇ ਧੂਗੇ,

*ਛੂਰੀ ਵਗਾਇਨਿ ਤਿਨ ਗਲਿ **ਤਾਗ**॥

-ਆਸਾ੧, ਵਾਰ੧੬ਸ, ੧,੨:੨ (471)

*ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ **ਤਾਗਰੀ ਛੂਟੀ**॥

-ਆਸਾ ਕਬ, ੧੬, ੫:੨ (480)

***ਤਾਗਾ** ਤੂਟਾ ਗਗਨੁ ਬਿਨਸੁ ਗਇਆ ਤੇਰਾ ਬੋਲਤ ਕਹਾ ਸਮਾਈ॥

-ਗਉ ਕਬ, ੫੨,੧:੧ (334)*

*ਅਨਿਕ ਭਾਤਿ ਕਰਿ ਮਣੀਏ ਸਾਜੈ ਕਾਚੈ **ਤਾਗਿ** ਪਰੋਹੀ॥

-ਸੋਰ ੫,੪,੩:੧ (609)

*ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥

-ਸੂਹੀ ੩,ਵਾਰ ੪ਸ, ੧,੨:੧ (786)

ਤਾਜ- (ਅ.ਤਾਜ) ਸ਼ਾਹੀ ਮੁਕਟ, ਬਾਦਸ਼ਾਹਿਤ ਦਾ ਪ੍ਰਤੀਕ ਸਿਰ ਦਾ ਭੂਸ਼ਨ,
*ਤਾਜ ਕੁਲਹ ਸਿਰਿ ਛਤ੍ਰੁ ਬਨਾਵਉ॥

-ਗਉ ੧, ਅਸ ੧੦, ੬:੨ (225)

ਤਾਣੀ- ਕੱਪੜੇ ਦਾ ਲੰਮੇ ਰੁਖ ਤਣਿਆ ਹੋਇਆ ਸੂਤ, ਤਾਣਾ, ਉਣਿਆ ਹੋਇਆ ਰੇਸ਼ਮ।
*ਉਰਝੀ ਤਾਣੀ ਕਿਛੁ ਨ ਬਸਾਇ॥

-ਪ੍ਰਭਾ ੧,੧੧,੧:੪ (1330)

ਤਾਂਤੀ- ਤਣਨ ਬੁਣਨ ਵਾਲਾ ਜੁਲਾਹਾ
*ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾ॥

-ਆਸਾ ਕਬ, ੩੬, ੩:੧ (484)

ਤਾਨ- ਸੁਰ, ਆਲਾਪ, ਸੰਗੀਤ ਵਿਚ ਸੁਰ ਦਾ ਉਤਾਰ ਚੜ੍ਹਾਉ
*ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ॥

-ਰਾਗ ੧:੨੪ (1430)

ਤਾਨਾ- ਤਾਣਾ, ਤਣੇ ਹੋਏ ਧਾਗਿਆਂ ਦਾ ਸਮੂਹ, ਵੇਖੋ 'ਤਾਣੀ'
*ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥

-ਆਸਾ ਕਬ, ੨੬, ੧:੧ (482)

ਤਾਂਬਾ- (ਸੰ.ਤਾਮ੍ਰ) ਲਾਲ ਜਿਹੇ ਰੰਗ ਦੀ ਇਕ ਧਾਤ, ਤਰਾਮਾ
*ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥

-ਕੇਦਾ ਕਬ, ੨,੧:੧ (1123)

*ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥

-ਗਉ ਰਵਿ, ਅਸ ੧,੫:੨ (346)

ਤਾਮਿ- (ਅ.ਤੁਆਮ) ਰੋਟੀ, ਚੋਗ, ਦਾਣਾ
*ਤਾਮਿ ਪਰੀਤਿ ਵਸੈ ਘਰਿ ਆਇ॥

-ਆਸਾ ੧,੪,੨:੨ (349)

ਤਾਰ- ਤੰਦ, ਧਾਗਾ, ਡੋਰੀ
*ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈ ਸਭ ਤਾਰ॥

-ਸਲੋ ਕਬ, ੧੦੩:੨ (1369)

ਤਾਰਣ- ਜਹਾਜ਼, ਬੇੜੀ, ਕਿਸ਼ਤੀ

*ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ॥

-ਮਲਾ ੧,੩,੩:੪ (1255)

*ਇਹ ਭਉਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ॥

-ਮਲਾ ੩,੯,੧:੨ (1260)

ਤਾਰਾ- ਤਾਰਕ, ਮਲਾਹ, ਬਾਦਬਾਨ, ਤਾਰਨਵਾਲਾ

*ਹਰਿ ਆਪੇ ਬੇੜੀ ਤੁਲਹਾ ਤਾਰਾ॥

-ਗਉ ੪,੪੪,੪:੧ (165)

ਤਾਰਾਜੀ- ਤੱਕੜੀ, ਤੋਲਣ ਦਾ ਯੰਤਰ, ਨਾਪ ਤੋਲ ਦੀ ਵਸਤੂ

*ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥

-ਮਾਝ੧, ਵਾਰ ੧੯ਸ, ੧,੧:੩ (147)

*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

-ਆਸਾ੧, ਵਾਰ ੧੪ਸ, ੧,੧:੬ (470)

ਤਾਰੂ- ਤੈਰਾਕ, ਤਰ ਸਕਣ ਵਾਲਾ

*ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ॥

-ਸਲੋ ੧,੩:੧ (1410)

ਤਾਰੇ- (ਫਾ.ਤਾਰਾ) ਗਗਨ ਮੰਡਲ ਵਿਚ ਚਮਕਦੇ ਪਦਾਰਥ, ਨਛੱਤਰ, ਆਕਾਸ਼ ਵਿਚ ਚਮਕਣ ਵਾਲੇ ਸਿਤਾਰੇ॥

*ਗਿਰਿ ਤਰ ਧਰਣਿ ਗਗਨ ਅਰੁ ਤਾਰੇ॥

-ਗਉ੫, ਅਸ ੪, ੩:੧ (237)

*ਓਇ ਜੁ ਦੀਸਹਿ ਅੰਬਰਿ ਤਾਰੇ॥

-ਗਉ ਕਬ, ੨੯,੧:੧ (329)

ਤਾਲ- ਸੰਗੀਤ ਅਨੁਸਾਰ ਸਮੇਂ ਤੋਂ ਲੈ ਵੰਡ ਕਰਨ ਲਈ ਹਥੇਲੀਆਂ ਦੀ ਧੁਨੀ

*ਬਹੁ **ਤਾਲ** ਪੂਰੇ ਵਾਜੇ ਗਜਾਏ॥

-ਮਾਝ ੩, ਅਸ ੨੧, ੬:੧ (122)

ਤਾਲਾ- (ਸੰ. ਤਾਲ-ਸਾਲਕ) ਜੰਦਰਾ, ਜੰਦਾ

*ਜਿਸ ਕਾ ਗ੍ਰਿਹੁ ਤਿਨਿ ਦੀਆ **ਤਾਲਾ** ਕੁੰਜੀ ਗੁਰ ਸਉਪਾਈ॥

-ਗਉ ੫,੧੨੨,੩:੧ (205)*

ਤਾਲੁ- ਤਾਲ, ਸੰਗੀਤਕ, ਲੈਅ, ਰਾਗ ਤਾਲ ਨਾਲ ਸਬੰਧ

*ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ॥

-ਮਾਝ ੩, ਅਸ ੨੧, ੩:੩ (121)

ਤਾੜੀ- ਸਮਾਧੀ, ਧਿਆਨ ਚੌਕੜੀ, ਇਕ ਟਿਕ ਵੇਖਣਾ

*ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ॥

-ਮਾਝ ੫,੧੦, ੧:੩ (97)

ਤਿਲਕ- (ਸੰ.ਤਿਲਕ) ਮੱਥੇ ਉਪਰ ਚੰਦਨ/ਕੇਸਰ ਅਥਵਾ ਹੋਰ ਵਸਤੂਆਂ ਦਾ ਲਾਇਆ ਟਿੱਕਾ।

*ਪੂਜਾ ਤਿਲਕ ਕਰਤ ਇਸਨਾਨਾ॥

-ਮਾਝ ੫,੧੨,੨:੨ (98)

*ਪੂਜਾ ਤਿਲਕੁ ਤੀਰਥ ਇਸਨਾਨਾ॥

-ਮਾਝ ੫,੧੨,੨:੨ (98)

ਤੀਰ- (ਫਾ.ਤੀਰ) ਕਮਾਣ, ਵਿਚ ਰੱਖ ਕੇ ਚਲਾਣ ਵਾਲਾ ਲੰਮਾ ਨੋਕਦਾਰ ਹਥਿਆਰ, ਬਾਣ

*ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥

-ਸਿਰੀ ੧,੭,੩:੨ (16)

*ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ॥

-ਸਿਰੀ ੧, ਅਸ ੭,੧:੩ (57)

ਤੀਰਥ- ਧਰਮ ਨਾਲ ਸਬੰਧਿਤ ਪਵਿੱਤਰ ਸਥਾਨ, ਕੋਈ ਪਵਿੱਤਰ ਅਸਥਾਨ

*ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥

-ਸਿਰੀ ੩, ੬੪,੧:੨ (39)

*ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ॥

-ਆਸਾ ੫, ਛੰਤ ੫,੧:੪ (455)

*ਕਈ ਕੋਟਿ ਭਏ ਤੀਰਥਵਾਸੀ॥

-ਗਉ ੫, ਸੁਖ, ੧੦,੧:੩ (275)

*ਤੇਰੇ ਸਠਿ ਸੰਬਤ ਸਭਿ ਤੀਰਥਾ॥

-ਬਸੰ੧,੨, ੩:੧ (1168)

*ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ॥

-ਭੈਰ ੫, ੧੫, ੧:੨ (1139)

*ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥

-ਜਪੁ ੧, ੬:੧ (2)

ਤੁਜਾਰਾ- (ਅ. ਤੁਜਾਰ) ਤਾਜਰ (ਸੌਦਾਗਰ) ਦਾ ਬਹੁ ਵਚਨ, ਵਾਪਾਰੀ

*ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ॥

-ਮਾਝ੧, ਵਾਰ ੭:੬ (141)

ਤੁਪਕ- (ਫਾ.ਤੁਪਕ) ਛੋਟੀ ਤੋਪ, ਬੰਦੂਕ

*ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ॥

-ਆਸਾ ੧, ਅਸ ੧੨, ੫:੨ (418)

ਤੁਲਹੜਾ- ਤੁਲਾ, ਨਦੀ ਪਾਰ ਕਰਨ ਲਈ ਰੱਸੀ ਨਾਲ ਕਾਠ ਦਾ ਬੰਨ੍ਹਿਆ ਇਕ ਪ੍ਰਕਾਰ ਦਾ ਬੇੜਾ

*ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ॥

-ਸਿਰੀ ੧, ੯,੧:੩ (17)

*ਗੁਰ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥

-ਸਿਰੀ ੧,੯,੩:੧ (17)

ਤੁਲਾ- ਤਕੜੀ, ਤਰਾਜੂ

*ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ॥

-ਗਉ ੫, ੧੨੧, ੧:੨ (204)

ਤੁਲਾਈ- ਤਲਾਈ, ਗਦੇਲਾ, ਹਲਕੀ ਰਜ਼ਾਈ, ਲੇਫ਼ ਤਲਾਈ, ਬਿਸਤਰੇ ਵਿਚ ਥੱਲੇ ਵਛਾਉਣ ਵਾਲਾ ਰੂੰਦਾਰ ਗਦੇਲਾ

*ਸਿਰਹਾਨਾ ਅਵਰ ਤੁਲਾਈ॥

-ਸੋਰ ਕਬ, ੧੧,੩:੨ (656)

*ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ॥

-ਵਡ੧, ਅਲਾ ੪,੩:੨ (581)

ਤੁਲੁ- ਤੋਲ, ਪੈਮਾਨਾ, ਤਰਾਜੂ

*ਅਮੁਲੁ ਤੁਲੁ ਅਮੁਲੁ ਪਰਵਾਣੁ॥

-ਜਪੁ੧,੨੬:੬ (5)

ਤੂੰਬਰੀ- ਤੂੰਬੜੀ, ਤੂੰਬੀ, ਇਕ ਕਿਸਮ ਦਾ ਸਾਜ਼, ਛੋਟਾ ਤੂੰਬਾ

*ਕਬੀਰ ਧਰਤੀ ਅਰੁ ਆਕਾਸ ਮਹਿ ਦੂਇ **ਤੂੰਬਰੀ** ਅਬਧ॥

-ਸਲੋ ਕਬ, ੨੦੨:੧ (1375)

ਤੂਰ- (ਸੰ. ਤੁਰਯ) ਤੁਰਮ, ਨਰਸਿੰਘਾ, ਇਕ ਕਿਸਮ ਦਾ ਵਾਜਾ,

*ਅਹਿਨਿਸਿ ਬਾਜੇ ਅਨਹਦ **ਤੂਰ**॥

-ਗਉ ਕਬ, ਥਿਤੀ ੧੩:੨ (344)

*ਤਿਤੁ ਘਟ ਅਨਹਤ ਬਾਜੇ **ਤੂਰਾ**॥

-ਗਉ ੧,੧੬,੨:੨ (228)

*ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ **ਤੂਰੁ**॥

-ਸਿਰੀ ੧,੧੫,੧:੨ (19)

*ਤਹ ਬਾਜੇ ਨਾਨਕ ਅਨਹਦ **ਤੂਰੇ**॥

-ਗਉ ੫, ਬਾਅ ੩੬:੮ (258)

ਤੇਗ (ਫਾ.ਤੇਗ) ਤਲਵਾਰ, ਖੜਗ, ਕਿਰਪਾਨ

*ਜਾ ਤੁਧੁ ਭਾਵੈ **ਤੇਗ** ਵਗਾਵਹਿ ਸਿਰ ਮੁੰਡੀ ਕਟਿ ਜਾਵਹਿ॥

-ਮਾਝ ੧,ਵਾਰ ੧ ਪਸ, ੧,੧:੫ (145)

ਤੇਗਬੰਦ- ਤਲਵਾਰ ਬੰਨ੍ਹਣ ਵਾਲਾ, ਤਲਵਾਰ ਧਾਰੀ, ਖੜਗਧਾਰੀ

*ਤਰਕਸ ਤੀਰ ਕਮਾਣ ਸਾਂਗ **ਤੇਗਬੰਦ** ਗੁਣ ਧਾਤੁ॥

-ਸਿਰੀ ੨,੭,੩:੨ (16)

ਤੇਲਕ- (ਸੰ.ਧੈਲਿਕ) ਤੇਲੀ, ਤੇਲ ਕੱਢਣ ਵਾਲਾ ਵਿਅਕਤੀ

*ਭ੍ਰਮਤ ਫਿਰਤ **ਤੇਲਕ** ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈ ਹੈ।

-ਗੂਜ ਕਬ, ੧,੪:੧ (524)

ਤੇਲੰਗੀ- ਬਿਲਾਵਲ ਠਾਟ ਦਾ ਇਕ ਔੜਵ ਰਾਗ

***ਤੇਲੰਗੀ** ਦੇਵਕਰੀ ਆਈ॥

-ਰਾਮ ੧:੨੫ (1430)

ਤੇਲੀ- ਤੇਲ ਕੱਢਣ ਵਾਲਾ

*ਓਹੁ **ਤੇਲੀ** ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥

-ਗਉ ੪, ਵਾਰ ੧੬ਸ, ੪,੧:੫ (309)

ਤੋਅ- (ਸੰ.ਤੋਯਮ) ਜਲ, ਪਾਣੀ

*ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਣਹ॥

-ਸਸ ੫,੫੮:੪ (1359)

*ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥

-ਮਲਾ੧, ਵਾਰ, ੨੫ਸ, ੧,੨੫ (1290)

*ਕਾਰ ਕੋਟੰ ਰਚੰਤਿ ਤੋਯੰ ਲਪਨੰ ਰਕਤ ਚਰਮਣਹ॥

-ਸਾਰ ੫,੪:੧ (1354)

*ਤੇਲ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ॥

-ਸਸ ੫,੫੩:੪ (1359)

ਤੋਲਾ- (ਫਾ.ਤੋਲਹ) ਵਜ਼ਨ ਦੀ ਇਕ ਨਿੱਕੀ ਇਕਾਈ ਜੋ 12 ਮਾਸਿਆਂ ਦੀ ਹੁੰਦੀ ਹੈ।

*ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥

-ਬਸੰ ੧,੧੧,੪:੨ (1171)

ਥਟੂਆ- ਸਵਾਂਗ, ਅਡੰਬਰ, ਠਾਟ ਬਣਾਉਣ ਵਾਲਾ, ਸਾਂਗ ਬਣਾਨ ਵਾਲਾ

*ਭੇਖ ਕਰਹਿ ਖਿਥਾ ਬਹੁ ਥਟੂਆ॥

-ਰਾਮ ੧, ਅਸ ੨,੫:੧ (903)

ਥੰਮ- ਥਮਲਾ ਲਕੜ ਜਾਂ ਕਿਸੇ ਧਾਤ ਆਦਿ ਦਾ ਪੱਥਰ, ਸਹਾਰਾ, ਬੁਰਜ, ਥੰਮੀ

*ਪੀਤ ਪੀਤਾਂਬਰ ਤ੍ਰਿਭਵਣ ਥਣੀ ਥੰਭ ਮਾਹਿ ਹਰਿ ਭਾਖੈ॥

-ਭੈਰ ਨਾਮ, ੯, ੪:੧ (1165)

*ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ॥

